ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/1948995821245 31/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸ਼ਨੀਵਾਰ, 28 ਨਵੰਬਰ 2026 (ਨਾਨਕਸ਼ਾਹੀ ਸੰਮਤ : ੫੫੮, ੧੩ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243

Exclusive News

ਪੰਜਾਬ ਦੇ ਸੇਵਾ ਕੇਂਦਰਾਂ ਦਾ ਕੰਮਕਾਜ ਅਣਮਿੱਥੇ ਸਮੇਂ ਲਈ ਬੰਦ, ਮੁਲਾਜ਼ਮਾਂ ਨੇ ਕੀਤਾ ਹੜਤਾਲ ਦਾ ਐਲਾਨ

ਚੰਡੀਗੜ੍ਹ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਪੰਜਾਬ ਭਰ ਦੇ ਸੇਵਾ ਕੇਂਦਰਾਂ ਵਿੱਚ ਅੱਜ ਤੋਂ ਸਰਕਾਰੀ ਕੰਮਕਾਜ ਠੱਪ ਹੋਣ ਜਾ ਰਿਹਾ ਹੈ। ਆਪਣੀਆਂ ਮੰਗਾਂ ਨੂੰ ਲੈ ਕੇ ਸੰਘਰਸ਼ ਕਰ ਰਹੇ ਸੇਵਾ ਕੇਂਦਰਾਂ ਦੇ ਮੁਲਾਜ਼ਮਾਂ ਨੇ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕਰ ਦਿੱਤਾ ਹੈ। ਦਰਅਸਲ ਸੇਵਾ ਕੇਂਦਰ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ 26 ਨਵੰਬਰ ਨੂੰ ਪੰਜਾਬ ਸਰਕਾਰ ਨਾਲ ਮੀਟਿੰਗ ਤੈਅ ਕੀਤੀ ਗਈ ਸੀ। ਯੂਨੀਅਨ ਦੇ ਦਾਅਵੇ ਮੁਤਾਬਕ ਇਸ ਮੀਟਿੰਗ ਵਿੱਚ ਕੋਈ ਵੀ ਸਰਕਾਰੀ ਨੁਮਾਇੰਦਾ ਨਹੀਂ ਪਹੁੰਚਿਆ। ਜਿਸ ਤੋਂ ਬਾਅਦ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਿਸ ਤੋਂ ਬਾਅਦ ਅੱਜ ਮੁਲਾਜ਼ਮ ਜਥੇਬੰਦੀਆਂ ਨੇ ਕੰਮਕਾਜ ਨੂੰ ਅਣਮਿੱਥੇ ਸਮੇਂ ਲਈ ਬੰਦ ਕਰਨ ਦਾ ਐਲਾਨ ਕੀਤਾ ਹੈ। ਯੂਨੀਅਨ ਦਾ ਕਹਿਣਾ ਹੈ ਕਿ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਸਿਵਲ ਸਕੱਤਰੇਤ ਵੀ ਪਹੁੰਚੇ ਸਨ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਰਕਾਰ ਵੱਲੋਂ ਕੋਈ ਗੰਭੀਰ ਪਹਿਲਕਦਮੀ ਨਹੀਂ ਕੀਤੀ ਗਈ। ਦੂਜੇ ਪਾਸੇ ਹੜਤਾਲ ਦੇ ਐਲਾਨ ਤੋਂ ਬਾਅਦ ਬੀਤੀ ਰਾਤ ਕੰਪਨੀ ਵੱਲੋਂ ਮੁਲਾਜ਼ਮਾਂ ਨੂੰ ਈ-ਮੇਲ ਭੇਜ ਕੇ ਚਿਤਾਵਨੀ ਦਿੱਤੇ ਜਾਣ ਦਾ ਵੀ ਦਾਅਵਾ ਕੀਤਾ ਗਿਆ ਹੈ ਕਿ ਜੇਕਰ ਉਹ ਡਿਊਟੀ 'ਤੇ ਨਹੀਂ ਪਹੁੰਚਦੇ ਤਾਂ ਉਨ੍ਹਾਂ ਨੂੰ ਨੌਕਰੀ ਤੋਂ ਕੱਢਿਆ ਜਾ ਸਕਦਾ ਹੈ। ਪਰ ਪੰਜਾਬ ਸੇਵਾ ਕੇਂਦਰ ਯੂਨੀਅਨ ਦੇ ਪ੍ਰਧਾਨ ਬਲਜਿੰਦਰ ਸਿੰਘ ਮਾਝਾ ਨੇ ਸਪੱਸ਼ਟ ਕੀਤਾ ਹੈ ਕਿ ਮੁਲਾਜ਼ਮ ਅਜਿਹੀਆਂ ਚਿਤਾਵਨੀਆਂ ਤੋਂ ਪਿੱਛੇ ਹਟਣ ਵਾਲੇ ਨਹੀਂ ਹਨ ਅਤੇ ਆਪਣੀਆਂ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰੱਖਣਗੇ।

ਮਹਿਲਾ ਰਾਖਵਾਂਕਰਨ ਬਿੱਲ ਨੂੰ ਕੈਬਨਿਟ ਦੀ ਮਨਜ਼ੂਰੀ

ਲੋਕ ਸਭਾ ਸੀਟਾਂ ਦੀ ਗਿਣਤੀ ਹੋਵੇਗੀ 850 !

ਨਵੀਂ ਦਿੱਲੀ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਕੇਂਦਰੀ ਕੈਬਨਿਟ ਨੇ ਸ਼ੁੱਕਰਵਾਰ ਨੂੰ ਹੱਦਬੰਦੀ ਨਾਲ ਜੁੜੇ ਨਵੇਂ ਮਹਿਲਾ ਰਾਖਵਾਂਕਰਨ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ, ਜਿਸ ਦੇ ਅਧੀਨ ਸਾਰੇ ਰਾਜਾਂ 'ਚ ਲੋਕ ਸਭਾ ਸੀਟਾਂ ਦੀ ਗਿਣਤੀ 50 ਫੀਸਦੀ ਵਧਾਉਣ ਦਾ ਪ੍ਰਸਤਾਵ ਹੈ। ਸੰਭਾਵਨਾ ਹੈ ਕਿ ਬਿੱਲ ਨੂੰ ਅਗਲੇ ਹਫ਼ਤੇ ਤੋਂ ਸ਼ੁਰੂ ਹੋਣ ਵਾਲੇ ਸੰਸਦ ਦੇ ਵਿਸ਼ੇਸ਼ ਸੈਸ਼ਨ 'ਚ ਪੇਸ਼ ਕੀਤਾ ਜਾਵੇਗਾ। ਸੂਤਰਾਂ ਨੇ ਦੱਸਿਆ ਕਿ ਕੇਂਦਰੀ ਕੈਬਨਿਟ ਨੇ ਕੁਝ ਸੋਧਾਂ ਨਾਲ ਨਵੇਂ ਬਿੱਲ ਨੂੰ ਮਨਜ਼ੂਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਸੋਧਾਂ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਹੱਦਬੰਦੀ ਤੋਂ ਬਾਅਦ ਲੋਕ ਸਭਾ 'ਚ ਕਿਸੇ ਵੀ ਰਾਜ ਦਾ ਹਿੱਸਾ ਦੂਜੇ ਰਾਜਾਂ ਦੇ ਮੁਕਾਬਲੇ ਘੱਟ ਨਾ ਹੋਵੇ। ਉਨ੍ਹਾਂ ਕਿਹਾ ਕਿ ਦੱਖਣੀ ਰਾਜਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ, ਸਰਕਾਰ ਹਰੇਕ ਰਾਜ 'ਚ ਲੋਕ ਸਭਾ ਸੀਟਾਂ ਦੀ ਗਿਣਤੀ 50 ਫੀਸਦੀ ਵਧਾਉਣ ਲਈ ਸਹਿਮਤ ਹੋ ਗਈ ਹੈ। ਸੀਟਾਂ ਦੀ ਗਿਣਤੀ 2051 ਤੱਕ ਬਦਲੀ ਨਹੀਂ ਜਾਵੇਗੀ। ਨਵੇਂ ਬਿੱਲ 'ਚ ਵਧਾਈਆਂ ਗਈਆਂ ਸੀਟਾਂ ਨੂੰ ਦੁਬਾਰਾ ਬਣਾਉਣ ਲਈ 2011 ਦੀ ਜਨਗਣਨਾ ਦੀ ਵਰਤੋਂ ਕਰਨ ਦਾ ਪ੍ਰਸਤਾਵ ਹੈ। ਸੂਤਰਾਂ ਅਨੁਸਾਰ, ਸਰਕਾਰ ਨੇ ਰਾਜਾਂ 'ਚ ਮੌਜੂਦਾ ਸੀਟਾਂ ਦੀ ਗਿਣਤੀ ਨੂੰ ਬਦਲੇ ਬਿਨਾਂ ਸੰਸਦੀ ਹਲਕਿਆਂ ਨੂੰ ਦੁਬਾਰਾ ਬਣਾਉਣ ਦਾ ਪ੍ਰਸਤਾਵ ਰੱਖਿਆ ਹੈ। ਪ੍ਰਸਤਾਵਿਤ ਸੋਧ 'ਚ ਹੱਦਬੰਦੀ ਰਾਹੀਂ ਲੋਕ ਸਭਾ ਸੀਟਾਂ ਦੀ ਗਿਣਤੀ ਮੌਜੂਦਾ 543 ਤੋਂ ਵਧਾ ਕੇ ਵੱਧ ਤੋਂ ਵੱਧ 850 ਕਰਨ ਦੀ ਯੋਜਨਾ ਹੈ। ਸੱਤਾਧਾਰੀ ਪਾਰਟੀ ਦਾ ਕਹਿਣਾ ਹੈ ਕਿ ਇਸ ਕਦਮ ਨਾਲ 2029 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਸੰਸਦ ਅਤੇ ਰਾਜ ਵਿਧਾਨ ਸਭਾਵਾਂ 'ਚ ਔਰਤਾਂ ਲਈ 33 ਫੀਸਦੀ ਰਾਖਵੇਂਕਰਨ ਦਾ ਰਾਹ ਪੱਧਰਾ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਕੈਬਨਿਟ ਦੀ ਮੀਟਿੰਗ ਦੁਪਹਿਰ 1 ਵਜੇ ਸੇਵਾ ਤੀਰਥ ਵਿਖੇ ਬੁਲਾਈ ਗਈ। ਸਰਕਾਰ ਨੇ ਪਹਿਲਾਂ ਅਪ੍ਰੈਲ 'ਚ ਸੰਸਦ ਦੇ ਇਕ ਵਿਸ਼ੇਸ਼ ਸੈਸ਼ਨ ਦੌਰਾਨ ਇਹ ਬਿੱਲ ਪੇਸ਼ ਕੀਤਾ ਸੀ, ਪਰ ਇਸ ਨੂੰ ਲੋਕ ਸਭਾ ਦੀ ਮਨਜ਼ੂਰੀ ਨਹੀਂ ਮਿਲ ਸਕੀ। ਹੁਣ, ਸਰਕਾਰ ਦਾ ਦਾਅਵਾ ਹੈ ਕਿ ਇਸ ਬਿੱਲ ਨੂੰ ਪਾਸ ਕਰਨ ਲਈ ਉਸ ਕੋਲ ਕਾਫ਼ੀ ਸੰਸਦ ਮੈਂਬਰਾਂ ਦਾ ਸਮਰਥਨ ਹੈ। ਸੰਵਿਧਾਨ ਸੋਧ ਬਿੱਲ ਨੂੰ ਪਾਸ ਕਰਨ ਲਈ ਸੰਸਦ ਦੇ ਦੋਵਾਂ ਸਦਨਾਂ 'ਚ ਦੋ-ਤਿਹਾਈ ਬਹੁਮਤ ਦੀ ਲੋੜ ਹੈ। ਸੂਤਰਾਂ ਅਨੁਸਾਰ, ਦ੍ਰਵਿੜ ਮੁਨੇਤਰ ਕੜਗਮ (ਡੀਐੱਮਕੇ), ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ), ਅਤੇ ਭਾਰਤ ਰਾਸ਼ਟਰ ਸਮਿਤੀ (ਬੀਆਰਐੱਸ) ਵੱਲੋਂ ਬਿੱਲ ਦਾ ਸਮਰਥਨ ਕਰਨ ਦੀ ਉਮੀਦ ਹੈ। ਇਸ ਦੌਰਾਨ, ਵਿਰੋਧੀ ਧਿਰ 'ਇੰਡੀਆ' ਗਠਜੋੜ ਬਿੱਲ ਦਾ ਵਿਰੋਧ ਕਰ ਰਿਹਾ ਹੈ।



ਸਿੱਖ ਨੌਜਵਾਨ ਨੂੰ ਪਟਵਾਰੀ ਦੀ ਪ੍ਰੀਖਿਆ ਦੇਣ ਤੋਂ ਰੋਕਿਆ, ਹਿਮਾਚਲ ਭਾਜਪਾ ਨੇ ਕਾਂਗਰਸ ਤੋਂ ਮੰਗਿਆ ਸਪੱਸ਼ਟੀਕਰਨ

ਨਾਹਨ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਹਿਮਾਚਲ ਪ੍ਰਦੇਸ਼ ਇਕਾਈ ਨੇ ਸ਼ੁੱਕਰਵਾਰ ਨੂੰ ਪਟਵਾਰੀ ਦੇ ਅਹੁਦੇ ਲਈ ਉਸ ਅੰਮ੍ਰਿਤਧਾਰੀ ਸਿੱਖ ਉਮੀਦਵਾਰ ਲਈ ਦੁਬਾਰਾ ਪ੍ਰੀਖਿਆ ਦੀ ਮੰਗ ਕੀਤੀ, ਜਿਸ ਨੂੰ 'ਕੜਾ' ਪਹਿਨਣ ਤੇ 'ਕਿਰਪਾਨ' ਰੱਖਣ ਕਾਰਨ ਇਸ ਪ੍ਰੀਖਿਆ 'ਚ ਬੈਠਣ ਤੋਂ ਰੋਕ ਦਿੱਤਾ ਗਿਆ ਸੀ। ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ਦੇ ਪਾਉਂਟਾ ਸਾਹਿਬ 'ਚ ਮੀਡੀਆ ਨਾਲ ਗੱਲ ਕਰਦੇ ਹੋਏ ਸੂਬਾ ਭਾਜਪਾ ਘੱਟ ਗਿਣਤੀ ਮੋਰਚਾ ਦੇ ਮੁਖੀ ਗੁਰਮੀਤ ਸਿੰਘ ਨੇ ਸੋਲਨ 'ਚ ਦੇਵਭੂਮੀ ਆਨਲਾਈਨ ਪ੍ਰੀਖਿਆ ਕੇਂਦਰ 'ਚ ਵਾਪਰੀ ਘਟਨਾ ਬਾਰੇ ਕਾਂਗਰਸ ਸਰਕਾਰ ਤੋਂ ਸਪੱਸ਼ਟੀਕਰਨ ਮੰਗਿਆ। ਉਨ੍ਹਾਂ ਮੰਗ ਕੀਤੀ ਕਿ ਸੂਬਾ ਸਰਕਾਰ ਮਾਮਲੇ ਦੀ ਜਾਂਚ ਕਰੇ, ਪ੍ਰਭਾਵਿਤ ਉਮੀਦਵਾਰ ਲਈ ਇਕ ਵਿਸ਼ੇਸ਼ ਪਟਵਾਰੀ ਪ੍ਰੀਖਿਆ ਆਯੋਜਿਤ ਕਰੇ ਅਤੇ ਪ੍ਰੀਖਿਆ ਦੇ ਨਿਯਮਾਂ 'ਚ ਜ਼ਰੂਰੀ ਬਦਲਾਅ ਕਰੇ ਤਾਂ ਜੋ ਕਿਸੇ ਵੀ ਉਮੀਦਵਾਰ ਨੂੰ ਉਨ੍ਹਾਂ ਦੇ ਧਾਰਮਿਕ ਆਸਥਾ ਕਾਰਨ ਪ੍ਰੀਖਿਆ 'ਚ ਸ਼ਾਮਲ ਹੋਣ ਤੋਂ ਵਾਂਝੇ ਨਾ ਹੋਣਾ ਪਵੇ। ਸਿੰਘ ਨੇ ਕਿਹਾ ਕਿ ਇਹ ਮਾਮਲਾ ਨਾ ਸਿਰਫ਼ ਵਿਦਿਆਰਥੀ ਦੇ ਭਵਿੱਖ ਨਾਲ ਜੁੜਿਆ ਹੈ, ਸਗੋਂ ਉਨ੍ਹਾਂ ਦੀ ਧਾਰਮਿਕ ਆਜ਼ਾਦੀ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਵੀ ਸਬੰਧਤ ਹੈ। ਗੁਰਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਉਸ ਉਮੀਦਵਾਰ ਨਾਲ ਗੱਲ ਕੀਤੀ, ਜਿਸ ਨੇ ਦੱਸਿਆ ਕਿ ਉਸ ਨੂੰ ਆਪਣਾ ਕੜਾ ਅਤੇ ਕਿਰਪਾਨ ਉਤਾਰਨ ਲਈ ਕਿਹਾ ਗਿਆ ਸੀ। ਗੁਰਮੀਤ ਸਿੰਘ ਨੇ ਕਿਹਾ ਕਿ ਸਿੱਖ ਨੌਜਵਾਨ ਨੇ ਉਸ ਨੂੰ ਦੱਸਿਆ ਕਿ ਪ੍ਰੀਖਿਆ ਕੇਂਦਰ ਦੇ ਪ੍ਰਬੰਧਕ ਨੇ ਇਨ੍ਹਾਂ ਚੀਜ਼ਾਂ 'ਤੇ ਪਾਬੰਦੀ ਲਗਾਉਣ ਵਾਲੇ 'ਸਰਕਾਰੀ ਨਿਰਦੇਸ਼ਾਂ' ਦਾ ਹਵਾਲਾ ਦਿੱਤਾ ਹੈ। ਪਾਰਟੀ ਦੇ ਘੱਟ ਗਿਣਤੀ ਮੁਖੀ ਨੇ ਕਿਹਾ ਕਿ ਹਾਲਾਂਕਿ ਜਦੋਂ ਉਨ੍ਹਾਂ ਤੋਂ ਸੰਬੰਧਤ ਨੋਟੀਫਿਕੇਸ਼ਨ ਮੰਗੀ ਗਈ ਤਾਂ ਅਧਿਕਾਰੀ ਉਸ ਦੀ ਕਾਪੀ ਉਪਲੱਬਧ ਨਹੀਂ ਕਰਵਾ ਸਕੇ।



ਆਮ ਲੋਕਾਂ ਲਈ ਖੁੱਲਿਆ ਕੇਜਰੀਵਾਲ ਦਾ 'ਸ਼ੀਸ਼ ਮਹਿਲ'

ਨਾਹਨ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਦਿੱਲੀ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਰਿਹਾਇਸ਼ ਨੂੰ ਅੱਜ ਜਨਤਾ ਲਈ ਖੋਲ੍ਹ ਦਿੱਤਾ ਹੈ। ਦਿੱਲੀ ਦੇ ਮੰਤਰੀ ਪ੍ਰਵੇਸ਼ ਵਰਮਾ ਨੇ ਕਿਹਾ ਕਿ ਇਸਦਾ ਇੱਕੋ ਇੱਕ ਉਦੇਸ਼ ਜਨਤਕ ਫੰਡਾਂ ਦਾ ਹਿਸਾਬ ਦੇਣਾ ਹੈ। ਉਨ੍ਹਾਂ ਕਿਹਾ ਕਿ ਟੈਕਸਦਾਤਾਵਾਂ ਦੇ ਪੈਸੇ ਇੱਥੇ ਨਿਵੇਸ਼ ਕੀਤੇ ਗਏ ਹਨ। ਸਰਕਾਰ ਨੂੰ ਜਨਤਾ ਨੂੰ ਹਰ ਪੈਸੇ ਦਾ ਹਿਸਾਬ ਦੇਣਾ ਚਾਹੀਦਾ ਹੈ। ਵਰਮਾ ਦੇ ਅਨੁਸਾਰ ਹਰ ਸਰਕਾਰ ਨੂੰ ਵੀ ਅਜਿਹਾ ਹੀ ਕਰਨਾ ਚਾਹੀਦਾ ਹੈ। ਇਸ ਸਹੂਲਤ ਨੂੰ ਇਸ ਉਦੇਸ਼ ਲਈ ਹੀ ਦਿੱਲੀ ਦੇ ਲੋਕਾਂ ਲਈ ਖੋਲ੍ਹਿਆ ਗਿਆ ਹੈ। ਅੱਜ ਮੀਡੀਆ ਨੂੰ ਸੱਦਾ ਦਿੱਤਾ ਗਿਆ ਹੈ। ਜਲਦੀ ਹੀ ਦਿੱਲੀ ਵਾਸੀ ਵੀ ਅੰਦਰ ਜਾ ਸਕਣਗੇ। ਪ੍ਰੋਜੈਕਟ ਲਈ ਖਰੀਦੀਆਂ ਗਈਆਂ ਚੀਜ਼ਾਂ ਦੇ ਵੇਰਵੇ ਵੀ ਪ੍ਰਦਾਨ ਕੀਤੇ ਗਏ ਹਨ। PWD ਮੰਤਰੀ ਪ੍ਰਵੇਸ਼ ਵਰਮਾ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੌਰਾਨ ਦਿੱਲੀ ਵਿੱਚ 22,000 ਮੌਤਾਂ ਹੋਈਆਂ ਸੀ। ਉਸ ਸਮੇਂ ਪੀਡਬਲਯੂਡੀ ਮੰਤਰੀ ਸਤੇਂਦਰ ਜੈਨ ਨੇ ਹਸਪਤਾਲ ਬਣਾਉਣ ਜਾਂ ਦਵਾਈਆਂ ਖਰੀਦਣ ਲਈ ਕੋਈ ਪ੍ਰਸਤਾਵ ਨਹੀਂ ਦਿੱਤਾ ਸੀ। ਸ਼ਮਸ਼ਾਨਘਾਟਾਂ ਵਿੱਚ ਲੱਕੜ ਅਤੇ ਜਗ੍ਹਾ ਦੀ ਭਾਰੀ ਘਾਟ ਸੀ। ਉਨ੍ਹਾਂ ਕਿਹਾ ਕਿ ਸਿਰਫ਼ ਇਸੇ ਮਕਸਦ ਨਾਲ ਹੀ ਇਹ ਇਮਾਰਤ ਦਿੱਲੀ ਦੇ ਲੋਕਾਂ ਲਈ ਖੋਲ੍ਹੀ ਗਈ ਹੈ। ਉਨ੍ਹਾਂ ਕਿਹਾ ਕਿ "ਅੱਜ ਅਸੀਂ ਮੀਡੀਆ ਨੂੰ ਸੱਦਾ ਦਿੱਤਾ ਹੈ, ਬਹੁਤ ਜਲਦੀ ਦਿੱਲੀ ਦੇ ਲੋਕ ਵੀ ਖੁਦ ਆ ਕੇ ਇਸ ਨੂੰ ਦੇਖ ਸਕਣਗੇ। ਅਸੀਂ ਇਸ ਪ੍ਰਾਜੈਕਟ ਲਈ ਖਰੀਦੀਆਂ ਗਈਆਂ ਵਸਤਾਂ ਬਾਰੇ ਵਿਸ਼ੇਸ਼ ਤੌਰ 'ਤੇ ਵੇਰਵੇ ਜਨਤਕ ਕੀਤੇ ਹਨ।" ਉਨ੍ਹਾਂ ਦੱਸਿਆ ਕਿ ਇਸ ਮਹਿਲ ਦੇ ਲਈ ਦੁਨੀਆ ਦੇ ਵੱਖ-ਵੱਖ ਦੇਸ਼ਾਂ ਤੋਂ ਸਾਮਾਨ ਮੰਗਵਾਇਆ ਗਿਆ ਹੈ, ਸੰਗਮਰਮਰ ਵੀਅਤਨਾਮ ਤੋਂ ਦਰਾਮਦ ਕੀਤਾ ਗਿਆ, ਕਰੋਕਰੀ ਕਿਸੇ ਹੋਰ ਦੇਸ਼ ਤੋਂ ਅਤੇ ਮੇਜ਼ ਕਿਸੇ ਹੋਰ ਦੇਸ਼ ਤੋਂ ਮੰਗਵਾਏ ਗਏ ਸਨ। ਅੱਜ ਕੈਮਰਿਆਂ ਰਾਹੀਂ ਪੂਰਾ ਦੇਸ਼ ਇਸ ਸੱਚਾਈ ਨੂੰ ਆਪਣੀਆਂ ਅੱਖਾਂ ਨਾਲ ਦੇਖ ਸਕੇਗਾ। ਦਿੱਲੀ ਵਿਧਾਨ ਸਭਾ ਵਿੱਚ ਪੇਸ਼ ਕੀਤੀ ਗਈ ਕੈਗ ਦੀ ਰਿਪੋਰਟ ਵਿੱਚ ਕਿਹਾ ਗਿਆ ਸੀ ਕਿ ਕੰਮ ਦੀ ਲਾਗਤ ਅੰਦਾਜ਼ੇ ਨਾਲੋਂ 342 ਪ੍ਰਤੀਸ਼ਤ ਵੱਧ ਕੇ 33.66 ਕਰੋੜ ਤੱਕ ਪਹੁੰਚ ਗਈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਕੁੱਲ ਖਰਚੇ ਵਿੱਚੋਂ 18.88 ਕਰੋੜ ਉੱਤਮ ਵਿਸ਼ੇਸ਼ਤਾਵਾਂ, ਕਲਾਤਮਕ ਅਤੇ ਪੁਰਾਤਨ ਅੰਦਰੂਨੀ ਸਜਾਵਟ 'ਤੇ ਖਰਚ ਕੀਤੇ ਗਏ ਸਨ। ਇਸ ਕਾਰਨ ਕਰਕੇ, ਵਿਰੋਧੀ ਧਿਰ ਵਲੋਂ ਬੰਗਲੇ ਨੂੰ 'ਸ਼ੀਸ਼ ਮਹਿਲ' ਦਾ ਨਾਮ ਦਿੱਤਾ ਗਿਆ ਸੀ। ਦਿੱਲੀ ਸਰਕਾਰ ਵੱਲੋਂ ਇਸ ਰਿਹਾਇਸ਼ ਨੂੰ ਆਮ ਲੋਕਾਂ ਲਈ ਖੋਲ੍ਹਣ ਦੀ ਯੋਜਨਾ ਬਣਾਈ ਗਈ ਹੈ। ਇਸ ਲਈ ਟਿਕਟ ਪ੍ਰਣਾਲੀ ਸ਼ੁਰੂ ਕੀਤੀ ਜਾਵੇਗੀ ਅਤੇ ਉਮੀਦ ਹੈ ਕਿ ਇਸ ਹਫ਼ਤੇ ਤੋਂ ਹੀ ਬੁਕਿੰਗ ਸ਼ੁਰੂ ਹੋ ਸਕਦੀ ਹੈ। ਅਧਿਕਾਰੀਆਂ ਮੁਤਾਬਕ ਇੱਥੇ ਦਾਖ਼ਲੇ ਲਈ ਟਿਕਟ ਦੀ ਕੀਮਤ ਲਗਭਗ 20 ਰੁਪਏ ਰੱਖੇ ਜਾਣ ਦੀ ਸੰਭਾਵਨਾ ਹੈ।



ਬ੍ਰਿਟੇਨ 'ਚ ਪੱਕੇ ਹੋਣ ਦੀ ਉਡੀਕ ਕਰ ਰਹੇ ਪ੍ਰਵਾਸੀਆਂ ਨੂੰ ਵੱਡਾ ਝਟਕਾ, 10 ਸਾਲਾ 'ਲੌਂਗ ਰੈਜ਼ੀਡੈਂਸ' ਰੂਟ ਹੋਵੇਗਾ ਬੰਦ



ਲੰਡਨ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਬ੍ਰਿਟੇਨ ਵਿੱਚ ਪੱਕੇ ਹੋਣ ਦਾ ਸੁਪਨਾ ਦੇਖ ਰਹੇ ਹਜ਼ਾਰਾਂ ਪ੍ਰਵਾਸੀਆਂ ਨੂੰ ਵੱਡਾ ਝਟਕਾ ਲੱਗਣ ਵਾਲਾ ਹੈ। ਬ੍ਰਿਟਿਸ਼ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਵੱਡਾ ਬਦਲਾਅ ਕਰਦਿਆਂ 10 ਸਾਲਾਂ ਦੀ ਲਗਾਤਾਰ ਕਾਨੂੰਨੀ ਰਿਹਾਇਸ਼ ਦੇ ਆਧਾਰ 'ਤੇ ਪੱਕੇ ਹੋਣ ਵਾਲੇ 'ਲੌਂਗ ਰੈਜ਼ੀਡੈਂਸ' ਰੂਟ ਨੂੰ ਬੰਦ ਕਰਨ ਦੀ ਯੋਜਨਾ ਦੀ ਪੁਸ਼ਟੀ ਕੀਤੀ ਹੈ। ਬੀਤੀ ਦਿਨੀ ਬ੍ਰਿਟਿਸ਼ ਸੰਸਦ ਦੇ ਉਪਰਲੇ ਸਦਨ ਹਾਊਸ ਆਫ਼ ਲਾਰਡਜ਼ ਵਿੱਚ ਬੈਰੋਨੈੱਸ ਲਿਸਟਰ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਲਾਰਡ ਕੌਲਿਨਜ਼ ਨੇ ਸਪੱਸ਼ਟ ਕੀਤਾ ਕਿ ਮੌਜੂਦਾ 10 ਸਾਲਾ ਲੌਂਗ ਰੈਜ਼ੀਡੈਂਸ ਰੂਟ ਦੀ ਥਾਂ 'ਅਰਨਡ ਸੈਟਲਮੈਂਟ' ਪ੍ਰਣਾਲੀ ਲਾਗੂ ਕੀਤੀ ਜਾਵੇਗੀ। ਮੌਜੂਦਾ ਇਮੀਗ੍ਰੇਸ਼ਨ ਨਿਯਮਾਂ ਤਹਿਤ ਵੱਖ-ਵੱਖ ਯੋਗ ਵੀਜ਼ਿਆਂ 'ਤੇ ਬ੍ਰਿਟੇਨ ਵਿੱਚ 10 ਸਾਲ ਲਗਾਤਾਰ ਕਾਨੂੰਨੀ ਤੌਰ 'ਤੇ ਰਹਿਣ ਵਾਲੇ ਪ੍ਰਵਾਸੀ ਪੱਕੀ ਰਿਹਾਇਸ਼ ਲਈ ਅਰਜ਼ੀ ਦੇ ਸਕਦੇ ਹਨ। ਨਵੀਂ ਨੀਤੀ ਤਹਿਤ ਸਟੂਡੈਂਟ ਵੀਜ਼ਾ, ਗ੍ਰੈਜੂਏਟ ਵੀਜ਼ਾ ਅਤੇ ਹੋਰ ਅਸਥਾਈ ਵੀਜ਼ਿਆਂ 'ਤੇ ਬਿਤਾਇਆ ਸਮਾਂ ਪੱਕੀ ਰਿਹਾਇਸ਼ ਲਈ ਨਹੀਂ ਗਿਣਿਆ ਜਾਵੇਗਾ। ਬ੍ਰਿਟਿਸ਼ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਵੱਲੋਂ 2 ਨਵੰਬਰ ਨੂੰ ਐਲਾਨੀ ਗਈ ਨਵੀਂ ਨੀਤੀ ਤਹਿਤ ਪ੍ਰਵਾਸੀਆਂ ਨੂੰ ਪੱਕੀ ਰਿਹਾਇਸ਼ ਦੇਣ ਲਈ ਉਨ੍ਹਾਂ ਦੀ ਆਮਦਨ, ਦੇਸ਼ ਦੀ ਆਰਥਿਕਤਾ ਵਿੱਚ ਯੋਗਦਾਨ, ਅੰਗਰੇਜ਼ੀ ਭਾਸ਼ਾ ਦੀ ਯੋਗਤਾ ਅਤੇ ਕਾਨੂੰਨੀ ਰਿਕਾਰਡ ਨੂੰ ਅਹਿਮੀਅਤ ਦਿੱਤੀ ਜਾਵੇਗੀ। ਸਰਕਾਰ ਦੇ ਇਸ ਫ਼ੈਸਲੇ ਦਾ ਸਭ ਤੋਂ ਵੱਧ ਅਸਰ ਉਨ੍ਹਾਂ ਪ੍ਰਵਾਸੀਆਂ 'ਤੇ ਪੈ ਸਕਦਾ ਹੈ, ਜਿਹੜੇ ਪਹਿਲਾਂ ਹੀ ਬ੍ਰਿਟੇਨ ਵਿੱਚ 8 ਜਾਂ 9 ਸਾਲ ਕਾਨੂੰਨੀ ਤੌਰ 'ਤੇ ਬਿਤਾ ਚੁੱਕੇ ਹਨ ਅਤੇ 10 ਸਾਲ ਪੂਰੇ ਹੋਣ ਦੀ ਉਡੀਕ ਕਰ ਰ

TPU - THE PANJAB UNIVERSE

LEARN | TRADE | GROW | EARN FOR LIFE

ਸਿੱਖੋ ਟਰੇਡਿੰਗ, ਬਦਲੋ ਆਪਣੀ ਜ਼ਿੰਦਗੀ

ਸਾਡੀਆਂ ਸੇਵਾਵਾਂ:

- 100% ਪ੍ਰੈਕਟੀਕਲ ਟਰੇਡਿੰਗ
- ਲਾਈਵ ਮਾਰਕੀਟ ਸਿਖਲਾਈ
- ਬਿਗਨਰ ਤੋਂ ਐਡਵਾਂਸ ਲੈਵਲ ਤੱਕ
- ਇਨਕਿਊਬੇਟਰ ਗਾਈਡੈਂਸ
- ਲਾਈਫ ਟਾਈਮ ਸਪੋਰਟ

ਕੋਰਸ ਵਿੱਚ ਸ਼ਾਮਲ:

- ਇੰਟਰਾਡੇ
- ਸਵਿੰਗ
- ਆਪਸ਼ਨ
- ਸਟਾਕ ਮਾਰਕੀਟ ਬੇਸਿਕ ਤੋਂ ਐਡਵਾਂਸ
- ਰਿਸਕ ਮੈਨੇਜਮੈਂਟ
- ਇਨਵੈਸਟਮੈਂਟ ਸਟ੍ਰੈਟਜੀ
- ਪ੍ਰੈਕਟੀਕਲ ਟਰੇਡਿੰਗ ਸਿਸਟਮ

ਆਵਾਜ਼ ਕੌਮ AWAZE QAUM International Newspaper & WEB TV

ਆਪਣੇ ਹੁਨਰ ਨੂੰ ਪੈਸ਼ੇ ਵਿੱਚ ਬਦਲੋ

ਘਰ ਬੈਠੇ ਡਾਲਰ ਕਮਾਓ - ਆਪਣੇ ਬੱਚਿਆਂ ਨੂੰ ਵੀ
ਸ਼ਿਖਾ ਸਕਦੇ ਹੋ, ਉਹਨਾਂ ਦਾ ਭਵਿੱਖ ਸਵਾਰ ਸਕਦੇ ਹੋ

+91 76961 59766

Instagram: thepanjabuniverse / the.panjabuniverse (ਜਲੰਧਰ)

ਸਾਡਾ ਪਤਾ: Lambra near Jalandhar

ਗੁਰੂ ਨਾਨਕ ਦੇ ਸੱਚੇ ਸਾਥੀ- ਭਾਈ ਮਰਦਾਨਾ ਜੀ

ਅਕਾਲ ਚਲਾਣਾ ਦਿਵਸ 'ਤੇ ਵਿਸ਼ੇਸ਼

ਭਾਈ ਮਰਦਾਨਾ ਜੀ ਦਾ ਜਨਮ ਪਿਤਾ ਭਾਈ ਬਦਰੇ ਜੀ ਤੇ ਮਾਤਾ ਮਾਈ ਲੱਖੋ ਜੀ ਦੇ ਗ੍ਰਿਹ ਤਲਵੰਡੀ ਸੰਨ 1459 ਈ: ਵਿੱਚ ਹੋਇਆ। ਉਹਨਾਂ ਦਾ ਨਾਂ 'ਦਾਨਾ' ਸੀ। 'ਮਰਦਾਨਾ' ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਵੱਲੋਂ ਮਿਲਿਆ ਖਿਤਾਬ ਸੀ ।ਭਾਈ ਮਰਦਾਨਾ ਜੀ



ਉਮਰ ਵਿੱਚ ਗੁਰ ਨਾਨਕ ਦੇਵ ਜੀ ਤੋਂ 10 ਸਾਲ ਵੱਡੇ ਸਨ। ਭਾਈ ਮਨੀ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਦਾ ਮੇਲ ਤਲਵੰਡੀ ਵਿਖੇ ਹੀ ਹੋਇਆ ਦੱਸਿਆ ਹੈ ।ਪਹਿਲਾ ਮੇਲ ਸੰਨ 1480 ਈ: ਵਿੱਚ ਹੋਇਆ ਤੇ ਅੰਤ ਤੱਕ 1534 ਈ: ਤੱਕ ਰਿਹਾ। ਇਸ ਹਿਸਾਬ ਨਾਲ ਭਾਈ ਮਰਦਾਨਾ ਜੀ ਨੇ ਗੁਰੂ ਜੀ ਨਾਲ ਲਗਭਗ ਕੋਈ 54 ਸਾਲ ਦਾ ਸਮਾਂ ਬਤੀਤ ਕੀਤਾ।

ਤਲਵੰਡੀ ਵਿੱਚ ਹੀ ਗੁਰੂ ਨਾਨਕ ਦੇਵ ਜੀ ਇੱਕ ਬ੍ਰਿਛ ਹੇਠ ਅਰਾਮ ਕਰ ਰਹੇ ਸਨ। ਦੂਸਰੇ ਪਾਸਿਉਂ ਰਬਾਬ ਵਜਾਉਣ ਦੀ ਅਵਾਜ਼ ਕੰਨੀ ਪਈ ।ਗੁਰੂ ਜੀ ਉਸ ਪਾਸੇ ਨੂੰ ਹੋ ਤੁਰੇ। ਕੋਲ ਜਾ ਕੇ ਪੁੱਛਿਆ, 'ਭਾਈ, ਤੇਰਾ ਨਾਉਂ ਕਿਆ ਹੈ ?' ਤਾਂ ਅੱਗੋਂ ਰਬਾਬ ਵਜਾਉਣ ਵਾਲੇ ਨੇ ਜਵਾਬ ਦਿੱਤਾ ਕਿ , 'ਜੀ ਮੇਰਾ ਨਾਉ 'ਦਾਨਾ', ਲੋਕ ਮਰਾਸੀ ਕਹਿੰਦੇ ਹਨ।' ਗੁਰੂ ਜੀ ਨੇ ਕਿਹਾ : 'ਤੂੰ ਰਬਾਬ ਭਲਾ ਵਜਾਇੰਦਾ ਹੈਂ, ਤੇ ਤੈਨੂੰ ਰਾਗਾਂ ਦੀ ਭਲੀ ਸੋਝੀ ਹੈ, ਪਰ ਜੇ ਤੂੰ ਅਸਾਡੀ ਸੰਗਤ ਕਰੇ ਤੇ ਇਹ ਰਾਗ ਸ਼ਬਦ ਪਾਇਕੈ ਗਾਵੈਂ ਤਾਂ ਤੇਰਾ ਦੀਨ ਦੁਨੀ ਵਿੱਚ ਉਧਾਰ ਕਰੀਏ', ਤਾਂ ਦਾਨਾ ਜੀ ਨੇ ਕਿਹਾ , 'ਅਸੀਂ ਤਾਂ ਧਨੀ ਲੋਕਾਂ ਨੂੰ ਰਾਗ ਸੁਣਾਇਕੈ ਚਾਰ ਪੈਸੇ ਕਮਾਉਂਦੇ ਹਾਂ, ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਾਂ। ਤੇਰੇ ਨਾਲ ਜਾ ਕੇ ਬਾਬਾ ਬੱਚੇ ਭੁੱਖੇ ਮਰ ਜਾਣਗੇ ।ਬਾਬਾ ਨਾਨਕ ਜੀ ਨੇ ਮਰਦਾਨੇ ਨੂੰ ਸਮਝਾਇਆ ਕਿ 'ਸਭ ਦਾ ਪਾਲਣਹਾਰ ਮਰਦਾਨਿਆਂ ਈਸ਼ਵਰ ਹੈ। ਜਦ ਤੇਰਾ ਦਰਗਾਹ ਵਿੱਚ ਲੇਖਾ ਹੋਵੇਗਾ ਤਾਂ ਕਿਸੇ ਨੇ ਤੇਰੀ ਹਾਮੀ ਨਹੀ ਭਰਨੀ। ਜੇ ਸਾਡੇ ਨਾਲ ਚੱਲੇਗਾ ਤਾਂ ਤੇਰੇ ਦੋਵੇਂ ਲੋਕਾਂ ਦਾ ਕਾਰਜ ਹੋਵੇਗਾ ।ਇੰਨੀ ਗੱਲ ਸੁਣ ਕੇ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਦੇ ਨਾਲ ਤੁਰ ਪਏ।

ਇੱਕ ਥਾਂ ਹੋਰ ਭਾਈ ਗੁਰਦਾਸ ਜੀ ਲਿੱਖਦੇ ਹਨ ਕਿ:

'ਇੱਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ' (ਵਾਰ ਪਹਿਲੀ, ਪਉੜੀ 35ਵੀਂ)

ਇਹ ਉਸ ਵੇਲੇ ਦਾ ਜ਼ਿਕਰ ਹੈ ਜਦ ਗੁਰੂ ਨਾਨਕ ਦੇਵ ਜੀ ਨੇ ਬਗਦਾਦ ਜਾ ਕੇ ਬਾਹਰ ਡੇਰਾ ਲਾਇਆ ਸੀ। ਇੱਕ ਬਾਬਾ ਅਕਾਲ ਦਾ ਰੂਪ ਤੇ ਦੂਜਾ ਰਬਾਬੀ ਮਰਦਾਨਾ ਉਹਨਾਂ ਦੇ ਨਾਲ ਸੀ ।ਗੁਰੂ ਨਾਨਕ ਦੇਵ ਜੀ ਕੀਰਤਨ ਦੀ ਮਹੱਤਤਾ ਤਲਵੰਡੀ ਵਿੱਚ ਹੀ ਦ੍ਰਿੜਾਉਣ ਲੱਗ ਪਏ ਸਨ ।ਗੁਰੂ ਨਾਨਕ ਜੀ ਜਦ ਵੀ ਬਾਣੀ ਉਚਾਰਦੇ ਤਾਂ ਮੁੱਖੋਂ ਫੁਰਮਾਉਂਦੇ ਸਨ ਕਿ ਛੇੜ ਮਰਦਾਨਿਆਂ ਰਬਾਬ, ਕਾਈ ਸਿਫ਼ਤ ਖ਼ੁਦਾ ਦੇ ਦੀਦਾਰ ਦੀ ਕਰੀਏ।

ਸਾਥ ਕਰੈ ਮਰਦਾਨੈ ਪਰਚਾਵਾ।
ਲੈਣ ਦੇਣ ਕੁਛ ਰਖੈ ਨਾ ਦਾਵਾ। (ਪ੍ਰਾਚੀਨ ਪੰਥ ਪ੍ਰਕਾਸ਼)

ਤਾਰੀਖ਼ਿ- ਪੰਜਾਬ ਦਾ ਲੇਖਕ ਲਿੱਖਦਾ ਹੈ ਕਿ ਮਰਦਾਨੇ ਦੀ ਰਬਾਬ ਦੀ ਹਰ ਤਾਰ ਵਿੱਚੋਂ 'ਨਿਰੰਕਾਰ ਨਾਨਕ ਬੰਦਾ ਤੇਰਾ ਹੈ' ਦੀ ਧੁਨੀ ਨਿਕਲਦੀ ਰਹਿੰਦੀ ਸੀ ਅਤੇ ਬਾਬਾ ਨਾਨਕ ਜੀ 'ਕਰਤਾਰ-ਕਰਤਾਰ' ਬੋਲਦੇ ਰਹਿੰਦੇ ਸਨ। ਜਿਸ ਦਾਨਾਂ ਨੂੰ ਪਹਿਲਾਂ ਆਪਣੇ ਬੱਚਿਆਂ ਦੇ ਦਾਣੇ ਫੱਕੇ ਦਾ ਫ਼ਿਕਰ ਰਹਿੰਦਾ ਸੀ, ਉਹ ਹੁਣ ਮਰਦਾਨਾ ਬਣ ਸਿਰਫ਼ ਸ਼ਬਦ, ਕੀਰਤੀ ਤੇ ਨਾਮ ਦਾ ਹੀ ਢੰਡਾਉ ਹੋ ਗਿਆ ।ਜਨਮ ਸਾਖੀ ਵਿੱਚ ਭਾਈ ਮਨੀ ਸਿੰਘ ਜੀ ਲਿੱਖਦੇ ਹਨ ਕਿ ਜਦ ਭਾਈ ਮਰਦਾਨਾ ਜੀ ਗੁਰੂ ਨਾਨਕ ਦੇਵ ਜੀ ਨਾਲ ਉਦਾਸੀ ਲਈ ਤੁਰਿਆ ਤਾਂ ਕਹਿਣ ਲੱਗਾ ਕਿ ਐਸਾ ਉਪਦੇਸ਼ ਦਿਉ ਕਿ ਨਿਭ ਆਵੈ ਤਾਂ ਬਾਬੇ ਨੇ ਕਿਹਾ ਕਿ, ਇੱਕ ਕੇਸ ਨਾ ਕਟਾਈ। ਦੂਏ, ਪਿਛਲ ਰਾਤ ਜਾਗ ਸਤਿਨਾਮ ਦਾ ਜਾਪ ਕਰੀਂ। ਤ੍ਰਿਤੀਏ, ਆਏ ਗਏ ਸਾਧ ਸੰਤ ਲੋੜਵੰਦ ਦੀ ਸੇਵਾ ਕਰੀਂ ।(ਜਨਮ ਸਾਖੀ ਭਾਈ ਮਨੀ ਸਿੰਘ ਜੀ) ਭਾਈ ਮਰਦਾਨਾ ਜੀ ਨੇ ਬਾਬੇ ਨਾਨਕ ਜੀ ਦੀ ਹਰ ਗੱਲ ਮੰਨੀ। ਸੱਚ ਤੇ ਪਹਿਰਾ ਦਿੱਤਾ। ਬਾਬਾ ਨਾਨਕ ਜੀ ਨੇ ਭਾਈ ਮਰਦਾਨਾ ਜੀ ਨੂੰ ਆਪਣਾ ਹੀ ਰੂਪ ਬਣਾ ਦਿੱਤਾ ।ਦੋਵਾਂ ਵਿੱਚ ਕੋਈ ਅੰਤਰ ਨਹੀ ਰਹਿ ਗਿਆ ਸੀ ।ਇੱਕ ਵਾਰੀ ਭਾਈ ਮਰਦਾਨਾ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਕੁੱਝ ਸ਼ਬਦ ਆਖੇ ਸਨ ਕਿ 'ਬਾਬਾ ਤੇਰਾ ਮੇਰਾ ਬਹੁਤਾ ਅੰਤਰ ਨਹੀਂ, ਤੂੰ ਰੱਬ ਦਾ ਡੂੰਮ ਹੈਂ, ਮੈਂ ਤੇਰਾ ਡੂੰਮ।' ਮਰਦਾਨਾ ਜੀ ਆਖਣ ਲੱਗੇ ਕਿ , 'ਤੈਂ ਖ਼ੁਦਾਇ ਪਾਇਆ ਹੈ, ਤੈਂ ਖ਼ੁਦਾਇ ਦੇਖਿਆ ਹੈ, ਤੇਰਾ ਕਹਿਆ ਖ਼ੁਦਾਇ ਕਰਦਾ ਹੈ। ਮੇਰੀ ਬੇਨਤੀ ਹੈ ਕਿ ਮੈਨੂੰ ਵਿਛੋੜਨਾ ਨਹੀਂ ਆਪ ਨਾਲਹੁ, ਨਾ ਐਥੇ ਨਾ ਉੱਥੇ।' ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਬਖਸ਼ਿਸ਼ ਕਰਦੇ ਫ਼ੁਰਮਾਇਆ ਸੀ ਕਿ , 'ਮਰਦਾਨਿਆ! ਤੁਧ ਉੱਪਰ ਮੇਰੀ ਖੁਸ਼ੀ ਹੈ, ਜਿੱਥੇ ਤੇਰਾ ਵਾਸਾ, ਉੱਥੇ ਮੇਰਾ ਵਾਸਾ।' ਜਦ ਭਾਈ ਮਰਦਾਨਾ ਜੀ ਦਾ ਅੰਤ ਸਮਾਂ ਨੇੜੇ ਆਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ 'ਮਰਦਾਨਿਆ! ਮੇਰਾ ਚਿੱਤ ਕਰਦਾ ਹੈ ਕਿ ਤੇਰੀ ਸਮਾਧ ਬਣਾ ਕੇ ਤੈਨੂੰ ਜਗਤ ਵਿੱਚ ਪ੍ਰਸਿੱਧ ਕਰੀਏ।' ਇੰਨ੍ਹਾਂ ਸੁਣ ਕੇ ਭਾਈ ਮਰਦਾਨਾ ਜੀ ਗੰਭੀਰ ਹੋ ਕੇ ਬੋਲੇ ਕਿ ' ਬਾਬਾ ਬੜੀ ਮੁਸ਼ਕਿਲ ਨਾਲ ਤਾਂ ਸਰੀਰ ਰੂਪੀ ਸਮਾਧ ਵਿੱਚੋਂ ਨਿਕਲਣ ਲੱਗਾ ਹਾਂ ਇਸ ਨੂੰ ਫਿਰ ਪੱਥਰ ਦੀ ਸਮਾਧ ਵਿੱਚ ਕਿਉਂ ਪਾਂਵਦੇ ਹੋ।' ਬਾਬੇ ਨੇ ਮਰਦਾਨੇ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ ਤੇ ਕਿਹਾ 'ਤੂੰ ਬ੍ਰਹਮ ਨੂੰ ਪਛਾਣ ਲਿਆ ਹੈ।'

ਭਾਈ ਕਾਹਨ ਸਿੰਘ ਨਾਭਾ ਜੀ ਨੇ ਮਹਾਨ ਕੋਸ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਾਰ ਬਿਹਾਗੜਾ ਵਿੱਚ ਭਾਈ ਮਰਦਾਨਾ ਜੀ ਦੇ ਤਿੰਨ ਸਲੋਕਾਂ ਬਾਰੇ ਵੇਰਵਾ ਦਿੱਤਾ ਹੈ।

ਇਕੋ ਨਾਂਉ ਤਕੜਾ ਕੀਉਨ, ਹੋਰ ਨਾਂਵ ਸਭ ਕੀਅਨ ਖਰਾਬਾ।
ਨੇੜੈ ਨਜੀਕ ਖੁਦਾਇ ਦੇ ਬਾਬਾ।

----()-----

ਸਲੋਕ ਮਰਦਾਨਾ 1
ਕਲਿ ਕਲਵਾਲੀ ਕਾਮੁ ਮਦੁ ਮਨੂਆ ਪੀਵਣਹਾਰੁ।।
ਕ੍ਰੋਧ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰ।।
ਮਜਲਸ ਕੂੜੈ ਲਬ ਕੀ ਪੀ ਪੀ ਹੋਇ ਖੁਆਰੁ।।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।।
ਗੁਣ ਮੰਡੇ ਕਰਿ ਸੀਲੁ ਘਿਉ ਸਰਮੁ ਮਾਸੁ ਅਹਾਰੁ।।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।।

-----()-----

ਮਰਦਾਨਾ1
ਕਾਇਆ ਲਾਹਣਿ ਆਪੁ ਮਦੁ ਮਜਲਸ ਤ੍ਰਿਸਨਾ ਧਾਤੁ।।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ।।
ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।।
ਗਿਆਨੁ ਗੁੜੁ ਸਲਾਹ ਮੰਡੇ ਭਉ ਮਾਸੁ ਅਹਾਰੁ।।
ਨਾਨਕ ਇਹ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।।
ਕਾਂਯਾ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ
ਪੀ ਪੀ ਕਟਹਿ ਬਿਕਾਰੁ।।

-----()-----

ਪ੍ਰਿੰ: ਸਤਿਬੀਰ ਸਿੰਘ ਜੀ ਲਿੱਖਦੇ ਹਨ ਕਿ ਭਾਈ ਮਰਦਾਨਾ ਜੀ ਦਾ ਦੇਹਾਂਤ 18 ਨਵੰਬਰ 1534 ਈ: ਨੂੰ ਕਰਤਾਰਪੁਰ ਵਿੱਚ ਹੋਇਆ। ਜਗਤ ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀਂ ਭਾਈ ਮਰਦਾਨਾ ਜੀ ਦੀ ਦੇਹ ਦਾ ਸਸਕਾਰ ਕੀਤਾ ।ਭਾਈ ਮਰਦਾਨਾ ਜੀ ਦੇ ਦੋ ਪੁੱਤਰਾਂ ਰਜਾਦਾ ਤੇ ਸਜਾਦਾ ਦਾ ਇਤਿਹਾਸ ਵਿੱਚ ਨਾਂਅ ਆਉਂਦਾ ਹੈ ।ਸਜਾਦਾ ਤਲਵੰਡੀ ਵਿੱਚ ਹੀ ਰਹੇ ਤੇ ਰਜਾਦਾ ਕਰਤਾਰਪੁਰ ਆ ਕੇ ਵੱਸ ਗਏ ।ਗੁਰੂ ਨਾਨਕ ਦੇਵ ਜੀ ਦਾ ਜੋਤੀ ਜੋਤ ਸਮਾਉਣ ਦਾ ਸਮਾਂ ਪੰਜ ਸਾਲ ਬਾਦ ਯਾਨੀ 1539 ਈ: ਦਾ ਹੈ। ਜਦ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਨੂੰ ਇੱਕ ਐਸੇ ਰਬਾਬੀ ਦੀ ਦੱਸ ਪਾਉਣ ਲਈ ਬੇਨਤੀ ਕੀਤੀ ਸੀ ਜੋ ਬਾਣੀ ਗਾ ਸੁਣਾ ਸਕੇ ਤਾਂ ਗੁਰੂ ਨਾਨਕ ਦੇਵ ਜੀ ਨੇ ਜਿਸ ਮਾਣ ਨਾਲ ਭਾਈ ਮਰਦਾਨਾ ਜੀ ਦਾ ਨਾਂਅ ਲਿਆ ਸੀ, ਉਸ ਸਾਖ ਦੀ ਮਹਿਮਾ ਪ੍ਰਕਾਸ਼ ਵਾਰਤਕ ਵਿੱਚ ਇਉਂ ਲਿਖੀ ਹੈ।

ਇੱਕ ਮਰਦਾਨਾ ਮੇਰਾ ਹੈ ਸੀ ਪੁਰਾਤਨ।
ਹੁਣ ਸੁਣੀਂਦਾ ਹੈ ਬਲਵੰਡ।


ਸਦਾਇ ਦੇਂਦਾ ਹਾਂ, ਪਰ ਇੰਝ ਰੱਖਣਾ ਜਿਵੇਂ ਬੱਤੀ ਦੰਦਾਂ ਵਿੱਚ ਜੀਭ ਹੁੰਦੀ ਹੈ।

ਭਾਈ ਮਰਦਾਨਾ ਜੀ ਦਾ ਦੇਹਾਂਤ 13 ਮੱਘਰ ਸੰਮਤ 1591 ਨੂੰ ਅਫਗਾਨਿਸਤਾਨ ਦੇ ਕੁੱਰਮ ਦਰਿਆ ਦੇ ਕਿਨਾਰੇ ਕੁੱਰਮ ਨਗਰ ਵਿੱਚ ਹੋਇਆ ।ਗੁਰੂ ਨਾਨਕ ਸਾਹਿਬ ਜੀ ਭਾਈ ਮਰਦਾਨਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਗੁਰੂ ਨਾਨਕ ਸਾਹਿਬ ਜੀ ਨੇ ਭਾਈ ਮਰਦਾਨਾ ਜੀ 'ਭਾਈ' ਦੀ ਪੱਦਵੀਂ ਦਿੱਤੀ। ਭਾਈ ਯਾਨੀ ਕਿ 'ਭਰਾ' ।ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਹਮੇਸ਼ਾ ਬਰਾਬਰ ਦਰਜਾ ਦੇ ਕੇ ਨਿਵਾਜ਼ਿਆ। ਭਾਈ ਮਰਦਾਨਾ ਜੀ ਨੂੰ ਇਹ ਖ਼ੁੱਲ ਸੀ ਕਿ ਉਹ ਗੁਰੂ ਨਾਨਕ ਸਾਹਿਬ ਜੀ ਦਾ ਨਾਂਅ ਵਰਤ ਸਕਦੇ ਸਨ। ਇਹ ਭਾਈ ਮਰਦਾਨਾ ਜੀ ਦੇ ਪੂਰਬਲੇ ਜਨਮਾਂ ਦਾ ਫਲ ਸੀ ਕਿ ਉਹਨਾਂ ਨੂੰ ਜਗਤ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਾਥ ਪ੍ਰਾਪਤ ਹੋਇਆ ।ਪ੍ਰਿੰ. ਸਤਿਬੀਰ ਸਿੰਘ ਲਿੱਖਦੇ ਹਨ ਕਿ ਇਹ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਸੰਸਾਰ ਪ੍ਰਸਿੱਧ ਗਾਇਕ ਤਾਨਸੇਨ ਦੇ ਗੁਰੂ ਹਰਿਦਾਸ ਮਰਦਾਨਾ ਜੀ ਦੇ ਹੀ ਸ਼ਗਿਰਦ ਸਨ।।ਭਾਈ ਗੁਰਦਾਸ ਜੀ ਵੀ ਲਿੱਖਦੇ ਹਨ ਕਿ:

'ਭਲਾ ਰਬਾਬ ਵਜਾਇੰਦਾ, ਮਜਲਸ ਮਰਦਾਨਾ ਮੀਰਾਸੀ' (ਵਾਰ 11ਵੀਂ, ਪਉੜੀ 13ਵੀਂ)

ਭਾਵ ਕਿ ਮਜਲਸ ਵਿੱਚ ਕੋਈ ਭਾਈ ਮਰਦਾਨਾ ਜੀ ਵਰਗਾ ਰਬਾਬ ਨਹੀਂ ਸੀ ਵਜਾ ਸਕਦਾ।

-ਧਰਮਿੰਦਰ ਸਿੰਘ(ਚੱਬਾ), ਪਿੰਡ ਤੇ ਡਾਕ:ਚੱਬਾ, ਲਹਿੰਦੀ ਪੱਤੀ, ਤਰਨ ਤਾਰਨ ਰੋਡ ਅੰਮ੍ਰਿਤਸਰ-143022










ਆਵਾਜ਼ਿ ਕੌਮ AWAZE QAUM International Newspaper & WEB TV

ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸੰਵਿਧਾਨਕ ਮਿਸ਼ਨ ਨੂੰ ਸਮਝੋ ਅਤੇ ਆਪਣੇ ਹੱਕਾਂ ਲਈ ਜਾਗਰੂਕ ਬਣੋ !

ਭਾਰਤੀ ਸੰਵਿਧਾਨ ਦੀ ਰਾਖੀ ਕਿਉਂ ਜ਼ਰੂਰੀ ਹੈ ?



ਭਾਰਤੀ ਸੰਵਿਧਾਨ ਸਿਰਫ਼ ਕਾਨੂੰਨੀ ਕਿਤਾਬ ਨਹੀਂ, ਸਗੋਂ ਭਾਰਤ ਦੇ ਕਰੋੜਾਂ ਲੋਕਾਂ ਦੀ ਆਜ਼ਾਦੀ, ਸਮਾਨਤਾ, ਨਿਆਂ, ਸਿੱਖਿਆ, ਸਵੈਮਾਣ ਅਤੇ ਮਨੁੱਖੀ ਅਧਿਕਾਰਾਂ ਦੀ ਬੁਨਿਆਦ ਹੈ। ਇਹ ਉਹ ਦਸਤਾਵੇਜ਼ ਹੈ ਜਿਸ ਨੇ ਹਰ ਨਾਗਰਿਕ ਨੂੰ ਕਾਨੂੰਨ ਦੀ ਨਜ਼ਰ ਵਿੱਚ ਬਰਾਬਰ ਮੰਨਿਆ ਅਤੇ ਜਨਮ, ਜਾਤ, ਧਰਮ, ਲਿੰਗ ਜਾਂ ਸਮਾਜਿਕ ਪਿਛੋਕੜ ਦੇ ਆਧਾਰ 'ਤੇ ਭੇਦਭਾਵ ਦੇ ਵਿਰੁੱਧ ਸੰਵਿਧਾਨਕ ਸੁਰੱਖਿਆ ਦਿੱਤੀ।

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਅਗਵਾਈ ਹੇਠ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਨੇ ਭਾਰਤ ਦੇ ਲੋਕਤੰਤਰੀ ਭਵਿੱਖ ਦੀ ਨੀਂਹ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਸੰਵਿਧਾਨ ਸਭਾ ਨੇ 26 ਨਵੰਬਰ 1949 ਨੂੰ ਸੰਵਿਧਾਨ ਅਪਣਾਇਆ ਅਤੇ ਇਹ 26 ਜਨਵਰੀ 1950 ਨੂੰ ਲਾਗੂ ਹੋਇਆ।

1. ਬਾਬਾ ਸਾਹਿਬ ਅੰਬੇਡਕਰ ਜੀ ਨੇ ਸਾਨੂੰ ਕੀ ਦਿੱਤਾ ?

ਬਾਬਾ ਸਾਹਿਬ ਦਾ ਸੰਘਰਸ਼ ਸਿਰਫ਼ ਇੱਕ ਵਿਅਕਤੀ ਜਾਂ ਇੱਕ ਸਮਾਜ ਲਈ ਨਹੀਂ ਸੀ। ਉਨ੍ਹਾਂ ਦਾ ਸੁਪਨਾ ਅਜਿਹੇ ਭਾਰਤ ਦੀ ਸਿਰਜਣਾ ਕਰਨਾ ਸੀ ਜਿੱਥੇ ਹਰ ਮਨੁੱਖ ਨੂੰ ਬਰਾਬਰ ਦੇ ਅਧਿਕਾਰ ਅਤੇ ਸਨਮਾਨ ਮਿਲੇ।

ਸੰਵਿਧਾਨ ਰਾਹੀਂ ਸਾਨੂੰ ਕਈ ਮਹੱਤਵਪੂਰਨ ਅਧਿਕਾਰ ਅਤੇ ਸੁਰੱਖਿਆਵਾਂ ਮਿਲੀਆਂ:

* ਸਿੱਖਿਆ ਦਾ ਅਧਿਕਾਰ: 6 ਤੋਂ 14 ਸਾਲ ਦੇ ਬੱਚਿਆਂ ਲਈ ਮੁਫ਼ਤ ਅਤੇ ਲਾਜ਼ਮੀ ਸਿੱਖਿਆ ਦੀ ਸੰਵਿਧਾਨਕ ਗਾਰੰਟੀ।
* ਵੋਟ ਦਾ ਅਧਿਕਾਰ: ਬਾਲਗ ਨਾਗਰਿਕਾਂ ਨੂੰ ਚੋਣਾਂ ਵਿੱਚ ਹਿੱਸਾ ਲੈਣ ਦਾ ਹੱਕ।
* ਬਰਾਬਰੀ ਦਾ ਅਧਿਕਾਰ: ਕਾਨੂੰਨ ਅੱਗੇ ਸਾਰੇ ਬਰਾਬਰ ਹਨ।
* ਛੂਤ-ਛਾਤ ਦਾ ਖਾਤਮਾ: ਸੰਵਿਧਾਨ ਦੀ ਧਾਰਾ 17 ਅਛੂਤਪੁਣੇ ਨੂੰ ਖ਼ਤਮ ਕਰਦੀ ਹੈ।
* ਆਜ਼ਾਦੀ ਦਾ ਅਧਿਕਾਰ: ਬੋਲਣ, ਵਿਚਾਰ ਪ੍ਰਗਟ ਕਰਨ, ਸ਼ਾਂਤੀਪੂਰਨ ਇਕੱਠ ਕਰਨ ਅਤੇ ਸੰਗਠਨ ਬਣਾਉਣ ਦੀ ਆਜ਼ਾਦੀ।
* ਧਾਰਮਿਕ ਆਜ਼ਾਦੀ: ਆਪਣੇ ਧਰਮ ਅਤੇ ਵਿਸ਼ਵਾਸ ਨੂੰ ਮੰਨਣ ਦੀ ਆਜ਼ਾਦੀ, ਕਾਨੂੰਨੀ ਸੀਮਾਵਾਂ ਦੇ ਅਧੀਨ।
* ਸਮਾਜਿਕ ਨਿਆਂ: ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੇ ਵਰਗਾਂ ਲਈ ਵਿਸ਼ੇਸ਼ ਸੰਵਿਧਾਨਕ ਪ੍ਰਬੰਧ।

ਇਹ ਅਧਿਕਾਰ ਭਾਰਤੀ ਲੋਕਤੰਤਰ ਦੀ ਅਹਿਮ ਪ੍ਰਾਪਤੀ ਹਨ। ਸੰਵਿਧਾਨ ਅਤੇ ਮਨੁਸਮ੍ਰਿਤੀ ਦੀ ਵਿਚਾਰਧਾਰਾ ਵਿਚਲਾ ਬੁਨਿਆਦੀ ਫ਼ਰਕ

ਭਾਰਤੀ ਸੰਵਿਧਾਨ
* ਕਾਨੂੰਨ ਅੱਗੇ ਬਰਾਬਰੀ
* ਜਨਮ ਆਧਾਰਿਤ ਭੇਦਭਾਵ ਦੀ ਮਨਾਹੀ
* ਮਨੁੱਖੀ ਮਾਣ-ਸਨਮਾਨ
* ਲੋਕਤੰਤਰੀ ਸ਼ਾਸਨ
* ਸਮਾਜਿਕ ਨਿਆਂ

ਮਨੁਸਮ੍ਰਿਤੀ
* ਇਤਿਹਾਸਕ ਧਰਮਸ਼ਾਸਤਰੀ ਗ੍ਰੰਥ
* ਵਰਣ ਅਤੇ ਜਾਤੀ ਆਧਾਰਿਤ ਸਮਾਜਿਕ ਦਰਜੇ
* ਵੱਖ-ਵੱਖ ਵਰਗਾਂ ਲਈ ਵੱਖਰੇ ਨਿਯਮ
* ਪੁਰਾਤਨ ਸਮਾਜਿਕ ਵਿਵਸਥਾ

ਬਾਬਾ ਸਾਹਿਬ ਨੇ ਜਾਤੀ ਪ੍ਰਥਾ ਅਤੇ ਮਨੁਸਮ੍ਰਿਤੀ ਵਿੱਚ ਦਰਸਾਈ ਗਈ ਸਮਾਜਿਕ ਅਸਮਾਨਤਾ ਦੀ ਸਖ਼ਤ ਆਲੋਚਨਾ ਕੀਤੀ ਸੀ। 25 ਦਸੰਬਰ 1927 ਨੂੰ ਮਹਾੜ ਵਿਖੇ ਮਨੁਸਮ੍ਰਿਤੀ ਦਾ ਪ੍ਰਤੀਕਾਤਮਕ ਦਹਿਨ ਵੀ ਇਸੇ ਸਮਾਜਿਕ ਸੰਘਰਸ਼ ਦਾ ਹਿੱਸਾ ਸੀ।

ਇਸ ਲਈ ਸਵਾਲ ਇਹ ਹੈ ਕਿ ਕੀ ਅਸੀਂ ਅਜਿਹੇ ਸਮਾਜ ਦੀ ਸਿਰਜਣਾ ਕਰਨੀ ਚਾਹੁੰਦੇ ਹਾਂ ਜਿੱਥੇ ਮਨੁੱਖ ਦੀ ਪਛਾਣ ਉਸਦੇ ਜਨਮ ਨਾਲ ਹੋਵੇ ਜਾਂ ਅਜਿਹੇ ਸਮਾਜ ਦੀ ਜਿੱਥੇ ਮਨੁੱਖ ਦੀ ਪਛਾਣ ਉਸਦੀ ਯੋਗਤਾ, ਮਿਹਨਤ ਅਤੇ ਮਨੁੱਖਤਾ ਨਾਲ ਹੋਵੇ ?

ਇੱਕ ਜ਼ਰੂਰੀ ਗੱਲ: ਮੌਜੂਦਾ ਸਰਕਾਰ ਵੱਲੋਂ ਸੰਵਿਧਾਨ ਖ਼ਤਮ ਕਰਕੇ ਮਨੁਸਮ੍ਰਿਤੀ ਲਾਗੂ ਕਰਨ ਦੀ ਇੱਛਾ ਬਾਰੇ ਲਗਾਇਆ ਗਿਆ ਦੋਸ਼ ਇੱਕ ਰਾਜਨੀਤਿਕ ਦਾਅਵਾ ਹੈ। ਇਸ ਨੂੰ ਸਾਬਤ ਕਰਨ ਲਈ ਠੋਸ ਬਿਆਨ, ਨੀਤੀਆਂ ਜਾਂ ਕਾਨੂੰਨੀ ਕਾਰਵਾਈ ਦੇ ਸਬੂਤ ਵੇਖਣੇ ਚਾਹੀਦੇ ਹਨ। ਪਰ ਕਿਸੇ ਵੀ ਸਰਕਾਰ ਦੀਆਂ ਨੀਤੀਆਂ ਨੂੰ ਸੰਵਿਧਾਨ ਦੀ ਕਸੌਟੀ 'ਤੇ ਪਰਖਣਾ ਹਰ ਨਾਗਰਿਕ ਦਾ ਅਧਿਕਾਰ# 3\. ਸੰਸਦੀ ਲੋਕਤੰਤਰ ਦੀ ਰੱਖਿਆ ਕਿਉਂ ਜ਼ਰੂਰੀ ਹੈ ?

ਭਾਰਤ ਵਿੱਚ ਸੰਸਦੀ ਪ੍ਰਣਾਲੀ ਅਧੀਨ ਲੋਕ ਆਪਣੇ ਨੁਮਾਇੰਦੇ ਚੁਣਦੇ ਹਨ। ਸਰਕਾਰ ਸੰਸਦ ਪ ਤੀ ਜਵਾਬਦੇਹ ਹੁੰਦੀ ਹੈ।

ਇਸ ਪ੍ਰਣਾਲੀ ਦੇ ਕੁਝ ਮਹੱਤਵਪੂਰਨ ਪਹਿਲੂ ਹਨ:
* ਲੋਕਾਂ ਵੱਲੋਂ ਚੁਣੇ ਹੋਏ ਨੁਮਾਇੰਦਿਆਂ ਦੀ ਸਰਕਾਰ।
* ਸੰਸਦ ਵਿੱਚ ਸਰਕਾਰ ਦੀਆਂ ਨੀਤੀਆਂ ਉੱਤੇ ਸਵਾਲ ਪੁੱਛਣ ਦਾ ਅਧਿਕਾਰ।
* ਵਿਰੋਧੀ ਧਿਰ ਦੀ ਅਹਿਮ ਭੂਮਿਕਾ।
* ਕਾਨੂੰਨ ਬਣਾਉਣ ਲਈ ਸੰਵਿਧਾਨਕ ਪ੍ਰਕਿਰਿਆ।
* ਨਿਆਂਪਾਲਿਕਾ ਦੀ ਸੁਤੰਤਰਤਾ।
* ਕੇਂਦਰ ਅਤੇ ਰਾਜਾਂ ਵਿਚਕਾਰ ਸੰਵਿਧਾਨਕ ਸ਼ਕਤੀਆਂ ਦੀ ਵੰਡ।

ਭਾਰਤੀ ਸੁਪਰੀਮ ਕੋਰਟ ਨੇ ਕੇਸਵਾਨੰਦਾ ਭਾਰਤੀ ਮਾਮਲੇ (1973) ਵਿੱਚ ਮੂਲ ਢਾਂਚੇ ਦਾ ਸਿਧਾਂਤ ਸਥਾਪਿਤ ਕੀਤਾ। ਇਸ ਅਨੁਸਾਰ ਸੰਸਦ ਸੰਵਿਧਾਨ ਵਿੱਚ ਸੋਧ ਕਰ ਸਕਦੀ ਹੈ, ਪਰ ਸੰਵਿਧਾਨ ਦੇ ਮੂਲ ਢਾਂਚੇ ਨੂੰ ਨਸ਼ਟ ਨਹੀਂ ਕਰ ਸਕਦੀ।

ਸੰਵਿਧਾਨ ਦੀ ਸਰਵਉੱਚਤਾ, ਲੋਕਤੰਤਰ, ਧਰਮ ਨਿਰਪੱਖਤਾ ਅਤੇ ਸ਼ਕਤੀਆਂ ਦੀ ਵੰਡ ਇਸ ਦੇ ਮਹੱਤਵਪੂਰਨ ਪਹਿਲੂ ਹਨ। # 4\. ਸਾਡੇ ਰੋਜ਼ਾਨਾ ਜੀਵਨ ਵਿੱਚ ਸੰਵਿਧਾਨ ਦੀ ਮਹੱਤਤਾ

ਬਹੁਤ ਸਾਰੇ ਲੋਕਾਂ ਨੂੰ ਇਹ ਪਤਾ ਹੀ ਨਹੀਂ ਕਿ ਸੰਵਿਧਾਨ ਸਾਡੇ ਰੋਜ਼ਾਨਾ ਜੀਵਨ ਨਾਲ ਕਿੰਨਾ ਡੂੰਘਾ ਜੁੜਿਆ ਹੋਇਆ ਹੈ।

ਸਿੱਖਿਆ: 4 ਸਾਲ ਦੇ ਬੱਚਿਆਂ ਨੂੰ ਸਿੱਖਿਆ ਦਾ ਅਧਿਕਾਰ ਹੈ।

ਵੋਟ: ਧਾਰਾ 326 ਅਧੀਨ ਬਾਲਗ ਨਾਗਰਿਕਾਂ ਲਈ ਚੋਣਾਂ ਵਿੱਚ ਵੋਟ ਪਾਉਣ ਦੀ ਵਿਵਸਥਾ ਹੈ।

ਜਾਇਦਾਦ: ਧਾਰਾ 3001 ਅਨੁਸਾਰ ਕਿਸੇ ਵਿਅਕਤੀ ਨੂੰ ਕਾਨੂੰਨ ਦੇ ਅਧਿਕਾਰ ਤੋਂ ਬਿਨਾਂ ਉਸਦੀ ਜਾਇਦਾਦ ਤੋਂ ਵਾਂਝਾ ਨਹੀਂ ਕੀਤਾ ਜਾ ਸਕਦਾ। ਇਹ ਹੁਣ ਮੌਲਿਕ ਅਧਿਕਾਰ ਨਹੀਂ, ਸਗੋਂ ਸੰਵਿਧਾਨਕ ਕਾਨੂੰਨੀ ਅਧਿਕਾਰ ਹੈ।

ਮਾਣ-ਸਨਮਾਨ: ਧਾਰਾ 14, 15 ਅਤੇ 21 ਸਮਾਨਤਾ, ਭੇਦਭਾਵ ਤੋਂ ਸੁਰੱਖਿਆ ਅਤੇ ਜੀਵਨ ਤੇ ਨਿੱਜੀ ਆਜ਼ਾਦੀ ਦੀ ਰੱਖਿਆ ਕਰਦੀਆਂ ਹਨ।

ਆਪਣੀ ਗੱਲ ਕਹਿਣਾ: ਧਾਰਾ 19 ਨਾਗਰਿਕਾਂ ਨੂੰ ਬੋਲਣ ਅਤੇ ਵਿਚਾਰ ਪ੍ਰਗਟ ਕਰਨ ਸਮੇਤ ਕਈ ਆਜ਼ਾਦੀਆਂ ਦਿੰਦੀ ਹੈ, ਜਿਨ੍ਹਾਂ ਉੱਤੇ ਸੰਵਿਧਾਨ ਵਿੱਚ ਦਰਜ ਵਾਜਬ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। India Code +2

5. ਬਾਬਾ ਸਾਹਿਬ ਦੀਆਂ ਚੇਤਾਵਨੀਆਂ ਅੱਜ ਵੀ ਸਾਡੇ ਲਈ ਸਬਕ ਹਨ

ਜਾਣੋ, ਭਾਰਤ ਦੇ ਸੰਵਿਧਾਨ ਦਾ ਇਤਿਹਾਸ ਅਤੇ ਦਿਲਚਸਪ ਗੱਲਾਂ

25 ਨਵੰਬਰ 1949 ਨੂੰ ਸੰਵਿਧਾਨ ਸਭਾ ਵਿੱਚ ਆਪਣੇ ਆਖ਼ਰੀ ਭਾਸ਼ਣ ਦੌਰਾਨ ਬਾਬਾ ਸਾਹਿਬ ਨੇ ਕਿਹਾ ਸੀ ਕਿ ਸਾਨੂੰ ਸਿਰਫ਼ ਰਾਜਨੀਤਿਕ ਲੋਕਤੰਤਰ ਨਾਲ ਸੰਤੁਸ਼ਟ ਨਹੀਂ ਹੋਣਾ ਚਾਹੀਦਾ, ਸਗੋਂ ਰਾਜਨੀਤਿਕ ਲੋਕਤੰਤਰ ਦੀ ਨੀਂਹ ਸਮਾਜਿਕ ਲੋਕਤੰਤਰ ਉੱਤੇ ਵੀ ਹੋਣੀ ਚਾਹੀਦੀ ਹੈ।

ਉਨ੍ਹਾਂ ਨੇ ਆਜ਼ਾਦੀ, ਸਮਾਨਤਾ ਅਤੇ ਭਾਈਚਾਰੇ ਨੂੰ ਲੋਕਤੰਤਰ ਦੇ ਤਿੰਨ ਮਹੱਤਵਪੂਰਨ ਸਿਧਾਂਤ ਦੱਸਿਆ।

ਉਨ੍ਹਾਂ ਦੀ ਇੱਕ ਹੋਰ ਮਹੱਤਵਪੂਰਨ ਚੇਤਾਵਨੀ ਸੀ ਕਿ ਰਾਜਨੀਤੀ ਵਿੱਚ ਕਿਸੇ ਵਿਅਕਤੀ ਦੀ ਅੰਨ੍ਹੀ ਭਗਤੀ ਲੋਕਤੰਤਰ ਲਈ ਖ਼ਤਰਨਾਕ ਹੋ ਸਕਦੀ ਹੈ।

ਇਸ ਲਈ ਕਿਸੇ ਵੀ ਪਾਰਟੀ, ਨੇਤਾ ਜਾਂ ਸਰਕਾਰ ਨੂੰ ਸੰਵਿਧਾਨ ਤੋਂ ਉੱਪਰ ਨਹੀਂ ਸਮਝਣਾ ਚਾਹੀਦਾ।# 6\. ਅਸੀਂ ਭਾਰਤੀ ਸੰਵਿਧਾਨ ਨੂੰ ਕਿਵੇਂ ਬਚਾ ਸਕਦੇ ਹਾਂ ?

ਸੰਵਿਧਾਨ ਦੀ ਰੱਖਿਆ ਸਿਰਫ਼ ਰਾਜਨੀਤਿਕ ਨੇਤਾਵਾਂ ਦੀ ਜ਼ਿੰਮੇਵਾਰੀ ਨਹੀਂ, ਇਹ ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ।

ਮੇਰੇ ਵਿਚਾਰ ਅਨੁਸਾਰ ਸਾਨੂੰ ਹੇਠ ਲਿਖੇ ਕੰਮ ਕਰਨੇ ਚਾਹੀਦੇ ਹਨ:

* ਹਰ ਘਰ ਵਿੱਚ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਪੜ੍ਹੀ ਜਾਵੇ।
* ਆਪਣੇ ਬੱਚਿਆਂ ਨੂੰ ਬਾਬਾ ਸਾਹਿਬ ਅੰਬੇਡਕਰ ਜੀ ਦੇ ਸੰਘਰਸ਼ ਬਾਰੇ ਦੱਸਿਆ ਜਾਵੇ।
* ਪਿੰਡਾਂ ਅਤੇ ਸ਼ਹਿਰਾਂ ਵਿੱਚ ਸੰਵਿਧਾਨਕ ਜਾਗਰੂਕਤਾ ਕੈਂਪ ਲਗਾਏ ਜਾਣ।
* SC, ST, OBC ਅਤੇ ਘੱਟ ਗਿਣਤੀ ਵਰਗਾਂ ਵਿੱਚ ਆਪਸੀ ਏਕਤਾ ਅਤੇ ਭਾਈਚਾਰਾ ਮਜ਼ਬੂਤ ਕੀਤਾ ਜਾਵੇ।
* ਜਾਤੀਵਾਦ, ਛੂਤ-ਛਾਤ ਅਤੇ ਸਮਾਜਿਕ ਵਿਤਕਰੇ ਦਾ ਵਿਰੋਧ ਕੀਤਾ ਜਾਵੇ।
* ਹਰ ਚੋਣ ਵਿੱਚ ਸੋਚ-ਸਮਝ ਕੇ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੀ ਜਾਵੇ।
* ਸਰਕਾਰ ਤੋਂ ਸਿੱਖਿਆ, ਸਿਹਤ, ਰੁਜ਼ਗਾਰ ਅਤੇ ਸਮਾਜਿਕ ਨਿਆਂ ਬਾਰੇ ਸਵਾਲ ਪੁੱਛੇ ਜਾਣ।
* ਸੰਵਿਧਾਨਕ ਸੰਸਥਾਵਾਂ ਦੀ ਸੁਤੰਤਰਤਾ ਅਤੇ ਜਵਾਬਦੇਹੀ ਦੀ ਰੱਖਿਆ ਕੀਤੀ ਜਾਵੇ।
* ਸੰਵਿਧਾਨ ਦੀ ਉਲੰਘਣਾ ਹੋਣ 'ਤੇ ਕਾਨੂੰਨੀ ਅਤੇ ਲੋਕਤੰਤਰੀ ਢੰਗ ਨਾਲ ਆਵਾਜ਼ ਉਠਾਈ ਜਾਵੇ।
* ਸੋਸ਼ਲ ਮੀਡੀਆ ਉੱਤੇ ਗਲਤ ਜਾਣਕਾਰੀ ਫੈਲਾਉਣ ਦੀ ਬਜਾਏ ਸਹੀ ਸੰਵਿਧਾਨਕ ਜਾਣਕਾਰੀ ਸਾਂਝੀ ਕੀਤੀ ਜਾਵੇ।

7\. ਫਿਲੌਰ ਵਿਖੇ ਸੰਵਿਧਾਨਕ ਵਿਚਾਰ-ਚਰਚਾ ਵਿੱਚ ਸ਼ਾਮਲ ਹੋਣ ਦਾ ਸੱਦਾ

ਆਓ, ਅਸੀਂ ਸਾਰੇ ਮਿਲ ਕੇ ਫਿਲੌਰ ਵਿਖੇ ਹੋਣ ਵਾਲੀ ਸੰਵਿਧਾਨਕ ਵਿਚਾਰ-ਚਰਚਾ ਵਿੱਚ ਸ਼ਾਮਲ ਹੋਈਏ।

ਇਸ ਵਿਚਾਰ-ਚਰਚਾ ਵਿੱਚ ਸਾਨੂੰ ਇਹ ਸਮਝਣ ਦਾ ਮੌਕਾ ਮਿਲੇਗਾ ਕਿ:

* ਭਾਰਤੀ ਸੰਵਿਧਾਨ ਦੀ ਰੱਖਿਆ ਕਿਵੇਂ ਕੀਤੀ ਜਾਵੇ ?
* ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਕਿਵੇਂ ਬਣਾਇਆ ਜਾਵੇ ?
* ਸੰਸਦ ਦੀ ਜਵਾਬਦੇਹੀ ਕਿਵੇਂ ਯਕੀਨੀ ਬਣਾਈ ਜਾਵੇ ?
* ਸਮਾਜਿਕ ਨਿਆਂ ਅਤੇ ਬਰਾਬਰੀ ਨੂੰ ਕਿਵੇਂ ਅੱਗੇ ਵਧਾਇਆ ਜਾਵੇ ?
* ਬਾਬਾ ਸਾਹਿਬ ਦੇ ਵਿਚਾਰਾਂ ਨੂੰ ਨਵੀਂ ਪੀੜ੍ਹੀ ਤੱਕ ਕਿਵੇਂ ਪਹੁੰਚਾਇਆ ਜਾਵੇ ?

ਸਾਡਾ ਸੰਕਲਪ ਹੋਣਾ ਚਾਹੀਦਾ ਹੈ ਕਿ ਅਸੀਂ ਸੰਵਿਧਾਨ ਨੂੰ ਪੜ੍ਹਾਂਗੇ, ਸਮਝਾਂਗੇ, ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵਾਂਗੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਮਾਨਤਾ, ਆਜ਼ਾਦੀ, ਨਿਆਂ ਅਤੇ ਭਾਈਚਾਰੇ ਵਾਲਾ ਸਮਾਜ ਬਣਾਉਣ ਵਿੱਚ ਆਪਣਾ ਯੋਗਦਾਨ ਪਾਵਾਂਗੇ।

ਜੈ ਭੀਮ ! ਨਮੋ ਬੁੱਧਾਏ ! ਜੈ ਭਾਰਤੀ ਸੰਵਿਧਾਨ ! ਜੈ ਮੂਲ ਨਿਵਾਸੀ !

ਡਾਕਟਰ ਜਗਜੀਵਨ ਸਿੰਘ ਸ਼ੇਰਪੁਰ ਇੰਚਾਰਜ ਬਸਪਾ ਜ਼ਿਲ੍ਹਾ ਬਰਨਾਲਾ, ਪੰਜਾਬ।

ਸੰਵਿਧਾਨ ਬਾਰੇ ਪੜ੍ਹਨ ਲਈ ਮਹੱਤਵਪੂਰਨ ਸਰੋਤ
* ਭਾਰਤ ਸਰਕਾਰ - ਭਾਰਤੀ ਸੰਵਿਧਾਨ ਦਾ ਅਧਿਕਾਰਤ ਪਾਠ
* ਸੁਪਰੀਮ ਕੋਰਟ - ਬਾਬਾ ਸਾਹਿਬ ਦੇ ਸੰਵਿਧਾਨ ਸਭਾ ਵਾਲੇ ਭਾਸ਼ਣ
* 25 ਨਵੰਬਰ 1949 ਦਾ ਬਾਬਾ ਸਾਹਿਬ ਦਾ ਇਤਿਹਾਸਕ ਭਾਸ਼ਣ

ਇੱਕ ਗੱਲ ਹਮੇਸ਼ਾ ਯਾਦ ਰੱਖੋ:

ਸੰਵਿਧਾਨ ਸਾਡੀ ਢਾਲ ਹੈ, ਸਿੱਖਿਆ ਸਾਡੀ ਤਾਕਤ ਹੈ ਅਤੇ ਜਾਗਰੂਕਤਾ ਸਾਡੀ ਅਸਲ ਆਜ਼ਾਦੀ ਹੈ !

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖਾਂ ਦੇ ਅਨੰਦ ਕਾਰਜ, ਧਾਰਮਿਕ ਮਰਿਆਦਾ ਅਤੇ ਨਿੱਜੀ ਕਾਨੂੰਨੀ ਅਧਿਕਾਰਾਂ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ

ਚੰਡੀਗੜ੍ਹ 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸਰਪ੍ਰਸਤ ਅਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਸਰਦਾਰ ਰਵੀ ਇੰਦਰ ਸਿੰਘ ਨੇ ਕੇਂਦਰ ਸਰਕਾਰ ਵੱਲੋਂ ਸਮਾਨ ਨਾਗਰਿਕ ਸੰਹਿਤਾ (UCC) ਦੇ ਮੁੱਦੇ 'ਤੇ ਵਿਚਾਰ ਕਰਦਿਆਂ ਸਿੱਖ ਕੌਮ ਦੀਆਂ ਧਾਰਮਿਕ ਰਵਾਇਤਾਂ, ਵੱਖਰੀ ਪਛਾਣ ਅਤੇ ਸੰਵਿਧਾਨਕ ਅਧਿਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਧਿਆਨ ਵਿੱਚ ਰੱਖਣ ਦੀ ਅਪੀਲ ਕੀਤੀ ਹੈ। ਸਰਦਾਰ ਰਵੀ ਇੰਦਰ ਸਿੰਘ ਨੇ ਕਿਹਾ ਕਿ ਭਾਰਤ ਇੱਕ ਬਹੁ-ਧਰਮੀ ਅਤੇ ਬਹੁ-ਸੱਭਿਆਚਾਰਕ ਦੇਸ਼ ਹੈ, ਜਿੱਥੇ ਹਰ ਧਰਮ ਅਤੇ ਭਾਈਚਾਰੇ ਦੀ ਆਪਣੀ ਵਿਲੱਖਣ ਪਛਾਣ, ਰਵਾਇਤਾਂ ਅਤੇ ਜੀਵਨ-ਜਾਚ ਹੈ। ਸਿੱਖ ਕੌਮ ਦੀ ਆਪਣੀ ਵੱਖਰੀ ਧਾਰਮਿਕ ਮਰਿਆਦਾ, ਅਨੰਦ ਕਾਰਜ ਅਤੇ ਪਰਿਵਾਰਕ ਰਵਾਇਤਾਂ ਹਨ, ਜਿਨ੍ਹਾਂ ਨੂੰ ਕਿਸੇ ਵੀ ਨਵੇਂ ਕਾਨੂੰਨ ਦੀ ਰਚਨਾ ਸਮੇਂ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਿੱਖਾਂ ਦੇ ਅਨੰਦ ਕਾਰਜ ਨੂੰ Anand Marriage Act, 1909 ਅਧੀਨ ਕਾਨੂੰਨੀ ਮਾਨਤਾ ਪ੍ਰਾਪਤ ਹੈ। ਇਸ ਲਈ ਕੇਂਦਰ ਸਰਕਾਰ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ UCC



ਦੇ ਕਿਸੇ ਵੀ ਪ੍ਰਸਤਾਵ ਜਾਂ ਕਾਨੂੰਨ ਨਾਲ ਸਿੱਖ ਵਿਆਹ ਦੀ ਵੱਖਰੀ ਪਛਾਣ, ਅਨੰਦ ਕਾਰਜ ਦੀ ਮਾਨਤਾ ਅਤੇ ਸਿੱਖਾਂ ਦੇ ਧਾਰਮਿਕ ਅਧਿਕਾਰਾਂ ਉੱਤੇ ਕੋਈ ਅਣਚਾਹਾ ਪ੍ਰਭਾਵ ਨਾ ਪਵੇ। ਉਨ੍ਹਾਂ ਕਿਹਾ ਕਿ ਸਮਾਨ ਨਾਗਰਿਕ ਅਧਿਕਾਰਾਂ ਅਤੇ ਨਿਆਂ ਦੀ ਗੱਲ ਕਰਨਾ ਆਪਣੀ ਥਾਂ ਮਹੱਤਵਪੂਰਨ ਹੈ, ਪਰ ਇਸ ਦੇ ਨਾਂ 'ਤੇ ਦੇਸ਼ ਦੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੀਆਂ ਵਿਲੱਖਣ ਰਵਾਇਤਾਂ ਅਤੇ ਸੰਵਿਧਾਨਕ ਸੁਰੱਖਿਆ ਨੂੰ ਕਮਜ਼ੋਰ ਨਹੀਂ ਕੀਤਾ ਜਾਣਾ ਚਾਹੀਦਾ। ਭਾਰਤ ਦੀ ਏਕਤਾ ਅਤੇ ਮਜ਼ਬੂਤੀ ਇਸ ਦੀ ਵਿਭਿੰਨਤਾ ਦਾ ਸਤਿਕਾਰ ਕਰਨ ਵਿੱਚ ਹੈ। ਸਰਦਾਰ ਰਵੀ ਇੰਦਰ ਸਿੰਘ ਨੇ ਕੇਂਦਰ ਸਰਕਾ

ਘੜੀਐ ਸਬਦੁ ਸਚੀ ਟਕਸਾਲ ।।

ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਿਹ ।।

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ ਵਿਖੇ

Gurdwara Sahib Shaeed Baba Deep Singh ji Casalmorano Cremona (Italy)



ਮਹਾਨ ਅਵਤਾਰ ਪੁਰਬ

ਪ੍ਰਕਾਸ਼ ਪੁਰਬ:-- ਧੰਨ ਸ਼੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ।

ਜਨਮ ਦਿਵਸ :-- ਬਾਬਾ ਗੁਰਦਿੱਤਾ ਸਾਹਿਬ ਜੀ

ਅਕਾਲ ਚਲਾਣਾ:-- ਭਾਈ ਮਰਦਾਨਾ ਸਾਹਿਬ ਜੀ

ਸ਼੍ਰੀ ਅਖੰਡ ਪਾਠ ਸਾਹਿਬ ਸੇਵਾ ਗੁਰ ਸਿੱਖ ਪ੍ਰਵਾਰ ਭਾਈ ਇੰਦਰਜੀਤ ਸਿੰਘ ਸਾਬੀ ਲੋਧੀ ਵੱਲੋ ਲਈ ਗਈ ਹੈ।

ਸਨਿੱਚਰਵਾਰ 28 ਨਵੰਬਰ ਸ਼ਾਮ 5 ਤੋਂ 8 ਵਜੇ ਤੱਕ ਦੀਵਾਨ ਸੱਜਣਗੇ।

ਕੀਰਤਨੀ ਜਥਾ ਰਾਗੀ ਬੀਬੀ ਮੰਨਕਰਨ ਕੌਰ ਕੀਰਤਨ ਰਾਹੀਂ ਗੁਰਬਾਣੀ ਗੁਰ ਇਤਿਹਾਸ ਸਿੱਖ ਇਤਿਹਾਸ ਨਾਲ ਸਿੱਖ ਸੰਗਤਾਂ ਨੂੰ ਜੋੜਨਾ ਕਰਨਗੇ।

ਹਰ ਐਤਵਾਰ 29 ਨਵੰਬਰ 2026 ਨੂੰ 6:30 ਵਜੇ ਸਵੇਰੇ ਚੋਪਹਿਰਾ ਸਾਹਿਬ ਦੇ ਪਾਠਾਂ ਦੀ ਆਰੰਭਤਾ ਹੁੰਦੀ ਹੈ ਸਮੇਤ ਸੁਖਮਨੀ ਸਾਹਿਬ ਦੇ 10:00 ਵਜੇ ਭੋਗ ਪੈਣ ਉਪਰੰਤ 11:30 ਤੋਂ 12:40 ਮਿੰਟ ਤੱਕ ਦੀਵਾਨ ਸੱਜਣਗੇ।

ਸਟਾਲ ਵੀ ਲੱਗਣਗੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

ਜ਼ਰੂਰੀ ਬੇਨਤੀ : ਰੱਤਕੇ ਦੀ ਸਿਖਲਾਈ ਹਰ ਐਤਵਾਰ 11:00 ਤੋਂ 1 : 00 ਵਜੇ ਤੱਕ ਦਿੱਤੀ ਜਾਂਦੀ ਹੈ।

★ ਗੁਰੂ ਪੰਥ ਦੇ ਦਾਸਰੇ ★

ਸਾਧ ਸੰਗਤ, ਪ੍ਰਬੰਧਕ ਕਮੇਟੀ

ਗੁਰਦੁਆਰਾ ਸਾਹਿਬ ਸ਼ਹੀਦ ਬਾਬਾ ਦੀਪ ਸਿੰਘ ਜੀ ਕਾਜਲਮਰਾਨੋ ਕਰਮੋਨਾ ਇਟਲੀ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-

ਭਾਈ ਪ੍ਰਗਟ ਸਿੰਘ (ਪ੍ਰਧਾਨ) 00393208124778

ਭਾਈ ਬਲਰਾਮ ਸਿੰਘ +393885751594

ਭਾਈ ਪ੍ਰਭਜੀਤ ਸਿੰਘ ਆਜਾਨੇਲੋ +393881079260

ਸ਼ੇਅਰ ਜ਼ਰੂਰ ਕਰੋ ਜੀ। ☛ਸਿੱਖ ਸੰਗਤਾਂ ਦੇ ਚਰਨਾਂ 'ਚ ਬੇਨਤੀ ਹੈ ਕਿ ਹੁੰਮ-ਹੁੰਮਾ ਕੇ ਪੁੱਜਣ ਦੀ ਕ੍ਰਿਪਾਲਤਾ ਕਰਨੀ ਜੀ।

Gurdwara Sahib Shaeed Baba Deep Singh ji Damdami Taksaal

Via Giacomo Matteotti 3Cap 26020Casalmorano Cremona (IT)

E-mail : gur.damdamitaksaalitaly@gmail.com

Call+393475711755 / 3208124778

ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ ਵਿਖੇ ਸੀਨੀਅਰ ਵਿਦਿਆਰਥੀਆਂ ਲਈ

ਵਿਸ਼ੇਸ਼ ਗਾਈਡੈਂਸ ਅਤੇ ਕਾਊਂਸਲਿੰਗ ਸੈਸ਼ਨ ਦਾ ਆਯੋਜਨ



ਬਿਲਾਸਪੁਰ/ਮੋਗਾ (ਵਰਿਆਮ ਹਠੂਰ)-ਨਾਮਵਾਰ ਵਿੱਦਿਅਕ ਸੰਸਥਾ ਸੁਪਰੀਮ ਕੌਨਵੈਂਟ ਸਕੂਲ ਬਿਲਾਸਪੁਰ (ਮੋਗਾ) ਵਿਖੇ ਸੀਨੀਅਰ ਕਲਾਸਾਂ ਦੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਨੂੰ ਧਿਆਨ ਵਿੱਚ ਰੱਖਦਿਆਂ ਇੱਕ ਵਿਸ਼ੇਸ਼ ਗਾਈਡੈਂਸ ਅਤੇ ਕਾਊਂਸਲਿੰਗ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕਰੀਅਰ, ਉੱਚ ਸਿੱਖਿਆ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਬਾਰੇ ਸਹੀ ਜਾਣਕਾਰੀ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਸੀ, ਸੈਸ਼ਨ ਦੌਰਾਨ ਵਿਦਿਆਰਥੀਆਂ ਨੂੰ ਦਸਵੀਂ ਅਤੇ ਬਾਰ੍ਹਵੀਂ ਜਮਾਤ ਤੋਂ ਬਾਅਦ ਉਪਲਬਧ ਵੱਖ-ਵੱਖ ਵਿੱਦਿਅਕ ਅਤੇ ਕਰੀਅਰ ਵਿਕਲਪਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੂੰ ਆਪਣੀ ਰੁਚੀ, ਯੋਗਤਾ, ਹੁਨਰ ਅਤੇ ਸਮਰੱਥਾ ਅਨੁਸਾਰ ਸਹੀ ਵਿਸ਼ੇ ਅਤੇ ਕਰੀਅਰ ਦੀ ਚੋਣ ਕਰਨ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਨਾਲ ਹੀ ਮੈਡੀਕਲ, ਇੰਜੀਨੀਅਰਿੰਗ, ਕਾਮਰਸ, ਮੈਨੇਜਮੈਂਟ, ਕਾਨੂੰਨ, ਸਰਕਾਰੀ ਨੌਕਰੀਆਂ, ਰੱਖਿਆ ਸੇਵਾਵਾਂ ਅਤੇ ਹੋਰ ਪੇਸ਼ੇਵਰ ਖੇਤਰਾਂ ਵਿੱਚ ਮੌਜੂਦ ਮੌਕਿਆਂ ਬਾਰੇ ਵੀ ਚਰਚਾ ਕੀਤੀ ਗਈ।

ਵਿਦਿਆਰਥੀਆਂ ਨੂੰ ਇਹ ਵੀ ਸਮਝਾਇਆ ਗਿਆ ਕਿ ਸਫਲਤਾ ਪ੍ਰਾਪਤ ਕਰਨ ਲਈ ਸਿਰਫ਼ ਅਕਾਦਮਿਕ ਪ੍ਰਾਪਤੀਆਂ ਹੀ ਕਾਫ਼ੀ ਨਹੀਂ ਹਨ, ਸਗੋਂ ਆਤਮ-ਵਿਸ਼ਵਾਸ, ਅਨੁਸ਼ਾਸਨ, ਸਮੇਂ ਦੀ ਸਹੀ ਵਰਤੋਂ, ਸਕਾਰਾਤਮਕ ਸੋਚ, ਸੰਚਾਰ ਕਲਾ ਅਤੇ ਫੈਸਲੇ ਲੈਣ ਦੀ ਯੋਗਤਾ ਵੀ ਬਹੁਤ ਮਹੱਤਵਪੂਰਨ ਹਨ। ਇਸ ਤੋਂ ਇਲਾਵਾ ਪ੍ਰੀਖਿਆਵਾਂ ਦੇ ਤਣਾਅ ਨਾਲ ਨਜਿੱਠਣ, ਆਪਣੇ ਟੀਚੇ ਨਿਰਧਾਰਤ ਕਰਨ ਅਤੇ ਚੁਣੌਤੀਆਂ ਦਾ ਹੌਸਲੇ ਨਾਲ ਸਾਹਮਣਾ ਕਰਨ ਸਬੰਧੀ ਵੀ ਮਹੱਤਵਪੂਰਨ ਸੁਝਾਅ ਦਿੱਤੇ ਗਏ। ਸੈਸ਼ਨ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਵਿਦਿਆਰਥੀਆਂ ਨੂੰ ਆਪਣੇ ਮਨ ਵਿੱਚ ਉੱਠਣ ਵਾਲੇ ਸਵਾਲ ਪੁੱਛਣ ਦਾ ਮੌਕਾ ਦਿੱਤਾ ਗਿਆ। ਵਿਦਿਆਰਥੀਆਂ ਨੇ ਪੂਰੀ ਰੁਚੀ ਅਤੇ ਉਤਸ਼ਾਹ ਨਾਲ ਭਾਗ ਲੈਂਦਿਆਂ ਆਪਣੇ ਕਰੀਅਰ ਅਤੇ ਭਵਿੱਖ ਨਾਲ ਜੁੜੀਆਂ ਕਈ ਮਹੱਤਵਪੂਰਨ ਜਾਣਕਾਰੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਸਕੂਲ ਪ੍ਰਧਾਨ ਸਮਾਜ ਸੇਵੀ ਸ੍ਰ: ਚਰਨ ਸਿੰਘ, ਸਕੂਲ ਚੇਅਰਮੈਨ ਗੋਰਿੰਦਰ ਪ੍ਰਸਾਦ ਸ਼ਰਮਾ ਤੇ ਪ੍ਰਿੰਸੀਪਲ ਜਸਮੇਲ ਸਿੰਘ ਕਲਸੀ ਨੇ ਕਿਹਾ ਕਿ ਸਕੂਲ ਦਾ ਉਦੇਸ਼ ਸਿਰਫ਼ ਵਿਦਿਆਰਥੀਆਂ ਨੂੰ ਕਿਤਾਬੀ ਗਿਆਨ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਉਨ੍ਹਾਂ ਨੂੰ ਜੀਵਨ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਅਤੇ ਇੱਕ ਸਫਲ, ਆਤਮ-ਵਿਸ਼ਵਾਸੀ ਤੇ ਜ਼ਿੰਮੇਵਾਰ ਨਾਗਰਿਕ ਬਣਾਉਣਾ ਵੀ ਹੈ। ਉਨ੍ਹਾਂ ਕਿਹਾ ਕਿ ਸਹੀ ਸਮੇਂ 'ਤੇ ਮਿਲਿਆ ਮਾਰਗਦਰਸ਼ਨ ਵਿਦਿਆਰਥੀਆਂ ਨੂੰ ਆਪਣੇ ਸੁਪਨਿਆਂ ਦੀ ਪੂਰਤੀ ਲਈ ਸਹੀ ਰਸਤਾ ਚੁਣਨ ਵਿੱਚ ਮਦਦ ਕਰਦਾ ਹੈ। ਅੰਤ ਵਿੱਚ ਸਕੂਲ ਪ੍ਰਬੰਧਕਾਂ ਵੱਲੋਂ ਅਜਿਹੇ ਜਾਣਕਾਰੀ ਭਰਪੂਰ ਅਤੇ ਮਾਰਗਦਰਸ਼ਨ ਵਾਲੇ ਸੈਸ਼ਨਾਂ ਨੂੰ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਹੇਵੰਦ ਦੱਸਿਆ।

आवाज़ि कौम AWAZE QAUM International Newspaper & WEB TV

ਵਿਧਾਇਕ ਨਰਿੰਦਰ ਕੌਰ ਭਰਾਜ ਨੇ ਪਿੰਡ ਭੜੋ ਦੀ ਅਨਾਜ ਮੰਡੀ ਦੀਆਂ ਸੜਕਾਂ ਤੇ

ਫੜ੍ਹ ਨੂੰ ਉੱਚਾ ਚੁੱਕਣ ਅਤੇ ਵੱਡਾ ਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਿਆ

☛ 1.95 ਕਰੋੜ ਰੁਪਏ ਦੀ ਲਾਗਤ ਨਾਲ ਹੋਵੇਗਾ ਮੰਡੀ ਦੇ ਬੁਨਿਆਦੀ ਢਾਂਚੇ ਦਾ ਵਿਕਾਸ; ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਮਿਲੇਗੀ ਵੱਡੀ ਸਹੂਲਤ ☛ ਕਿਸਾਨਾਂ ਨੂੰ ਮੰਡੀਆਂ ਵਿੱਚ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਵਾਉਣ ਲਈ ਪੰਜਾਬ ਸਰਕਾਰ ਵਚਨਬੱਧ: ਨਰਿੰਦਰ ਕੌਰ ਭਰਾਜ



ਭਵਾਨੀਗੜ੍ਹ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਵਿਧਾਨ ਸਭਾ ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਪਿੰਡ ਭੜੋ ਦੀ ਅਨਾਜ ਮੰਡੀ ਵਿਖੇ 1 ਕਰੋੜ 95 ਲੱਖ ਰੁਪਏ ਦੀ ਲਾਗਤ ਨਾਲ ਮੰਡੀ ਦੇ ਫੜ੍ਹ ਨੂੰ ਉੱਚਾ ਚੁੱਕਣ ਅਤੇ ਇਸ ਦਾ ਰਕਬਾ 3 ਏਕੜ ਤੋਂ ਵਧਾ ਕੇ 7 ਏਕੜ ਕਰਨ ਅਤੇ ਸੜਕਾਂ ਨੂੰ ਉੱਚਾ ਚੁੱਕਣ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਹ ਅਹਿਮ ਵਿਕਾਸ ਕਾਰਜ ਪੰਜਾਬ ਮੰਡੀ ਬੋਰਡ ਵੱਲੋਂ ਕਰਵਾਇਆ ਜਾਵੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਅਨਾਜ ਮੰਡੀ ਦਾ ਮੌਜੂਦਾ ਫੜ੍ਹ ਨੀਵਾਂ ਅਤੇ ਥਾਂ ਪੱਖੋਂ ਘੱਟ ਹੋਣ ਕਾਰਨ ਬਰਸਾਤ ਦੇ ਦਿਨਾਂ ਅਤੇ ਫ਼ਸਲਾਂ ਦੀ ਆਮਦ ਦੇ ਸੀਜ਼ਨ ਦੌਰਾਨ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਫੜ੍ਹ ਨੂੰ ਉੱਚਾ ਚੁੱਕਣ ਨਾਲ ਬਰਸਾਤੀ ਪਾਣੀ ਖੜ੍ਹਾ ਹੋਣ ਦੀ ਸਮੱਸਿਆ ਤੋਂ ਨਿਜਾਤ ਮਿਲੇਗੀ, ਜਦਕਿ ਇਸ ਦਾ ਰਕਬਾ 3 ਏਕੜ ਤੋਂ ਵਧਾ ਕੇ 7 ਏਕੜ ਕੀਤੇ ਜਾਣ ਨਾਲ ਜਿਣਸ ਦੀ ਖ਼ਰੀਦ, ਸਾਂਭ-ਸੰਭਾਲ ਅਤੇ ਚੁਕਾਈ ਲਈ ਵਧੇਰੇ ਥਾਂ ਉਪਲਬਧ ਹੋਵੇਗੀ।

ਉਨ੍ਹਾਂ ਕਿਹਾ ਕਿ ਮੰਡੀ ਦਾ ਵਿਸਥਾਰ ਹੋਣ ਨਾਲ ਫ਼ਸਲਾਂ ਦੀ ਵੱਡੀ ਆਮਦ ਦੌਰਾਨ ਭੀੜ ਘਟੇਗੀ ਅਤੇ ਕਿਸਾਨਾਂ ਨੂੰ ਆਪਣੀ ਜਿਣਸ ਉਤਾਰਨ ਲਈ ਲੰਮਾ ਸਮਾਂ ਉਡੀਕ ਨਹੀਂ ਕਰਨੀ ਪਵੇਗੀ। ਇਸ ਤੋਂ ਇਲਾਵਾ, ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਵੀ ਰੋਜ਼ਾਨਾ ਦੇ ਕੰਮਕਾਜ ਲਈ ਸੁਚੱਜਾ ਅਤੇ ਸੁਰੱਖਿਅਤ ਮਾਹੌਲ ਮਿਲੇਗਾ।

ਵਿਧਾਇਕ ਭਰਾਜ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨਾਂ ਦੀ ਭਲਾਈ ਅਤੇ ਸੂਬੇ ਦੀਆਂ ਮੰਡੀਆਂ ਦੇ ਸਰਬਪੱਖੀ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦੇ ਰਹੀ ਹੈ। ਮੰਡੀਆਂ ਵਿੱਚ ਫੜ੍ਹਾਂ, ਸੜਕਾਂ, ਪੀਣ ਵਾਲੇ ਪਾਣੀ, ਰੌਸ਼ਨੀ, ਸਫ਼ਾਈ ਅਤੇ ਪਾਣੀ ਦੀ ਨਿਕਾਸੀ ਸਮੇਤ ਸਾਰੀਆਂ ਲੋੜੀਂਦੀਆਂ ਸਹੂਲਤਾਂ ਯਕੀਨੀ ਬਣਾਉਣ ਲਈ ਯੋਜਨਾਬੱਧ ਢੰਗ ਨਾਲ ਕੰਮ ਕੀਤੇ ਜਾ ਰਹੇ ਹਨ।

ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਫੜ੍ਹ ਦੇ ਨਿਰਮਾਣ ਅਤੇ ਵਿਸਥਾਰ ਦੌਰਾਨ ਮਿਆਰੀ ਸਮੱਗਰੀ ਦੀ ਵਰਤੋਂ ਯਕੀਨੀ ਬਣਾਈ ਜਾਵੇ ਅਤੇ ਸਮੁੱਚੇ ਕੰਮ ਨੂੰ ਨਿਰਧਾਰਿਤ ਸਮੇਂ ਅੰਦਰ ਮੁਕੰਮਲ ਕੀਤਾ ਜਾਵੇ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਕਾਸ ਕਾਰਜਾਂ ਦੀ ਗੁਣਵੱਤਾ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਨਰਿੰਦਰ ਕੌਰ ਭਰਾਜ ਨੇ ਕਿਹਾ ਕਿ ਹਲਕਾ ਸੰਗਰੂਰ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਲੋਕਾਂ ਦੀਆਂ ਲੋੜਾਂ ਅਨੁਸਾਰ ਵਿਕਾਸ ਪ੍ਰੋਜੈਕਟ ਉਲੀਕੇ ਅਤੇ ਮੁਕੰਮਲ ਕੀਤੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਹਲਕੇ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ।

ਪਿੰਡ ਵਾਸੀਆਂ ਅਤੇ ਮੰਡੀ ਨਾਲ ਜੁੜੇ ਵਰਗਾਂ ਨੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਕਰਨ ਲਈ ਵਿਧਾਇਕ ਨਰਿੰਦਰ ਕੌਰ ਭਰਾਜ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ।

ਇਸ ਮੌਕੇ ਵਿਕਰਮ ਸਰਪੰਚ ਭੜੋ, ਵਿਕਰਮ ਨਕਟੇ, ਜਸਵਿੰਦਰ ਜੱਸਾ ਭੜੋ, ਮਨਪ੍ਰੀਤ ਧਾਰੋਕੀ, ਲਾਡੀ ਸ਼ਾਹਪੁਰ, ਜਗਪਾਲ ਸਿੰਘ ਕਾਲਾਝਾੜ, ਰਣਧੀਰ ਨੂਰਪੁਰਾ, ਜਗਵਿੰਗਰ ਡੇਹਲੇਵਾਲ, ਰਣਜੀਤ ਖੇੜੀ ਗਿੱਲਾ, ਪੰਜਾਬ ਮੰਡੀ ਬੋਰਡ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ, ਪਤਵੰਤੇ, ਪੰਚ-ਸਰਪੰਚ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

आवाज़ि कौम AWAZE QAUM International Newspaper & WEB TV

ਗੁਰਦੁਆਰਾ ਬਾਬੇ ਕੇ ਹੋਕਲੀ ਬਰਮਿੰਘਮ ਯੂ.ਕੇ ਵਿਖੇ ਸੰਤ ਬਾਬਾ ਨਾਹਰ ਸਿੰਘ ਸਨੇਰਾਂ ਜੀ ਦੀ 19ਵੀਂ ਬਰਸੀ ਨੂੰ ਸਮਰਪਿਤ ਸਮਾਗਮਾਂ ਦੀ ਤੀਸਰੀ ਲੜੀ ਦੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ



ਫ਼ਿਰੋਜ਼ਪੁਰ, 27 ਨਵੰਬਰ (ਮਨੋਹਰ ਲਾਲ) :— ਗੁਰਦੁਆਰਾ ਬਾਬੇ ਕੇ ਹੋਕਲੀ ਬਰਮਿੰਘਮ ਯੂ.ਕੇ ਵਿਖੇ ਧੰਨ—ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਗੁਰਪੁਰਬ ਨੂੰ ਸਮਰਪਿਤ ਤੇ ਸੰਤ ਬਾਬਾ ਨਾਹਰ ਸਿੰਘ ਸਨੇਰਾਂ ਵਾਲਿਆਂ ਦੀ 19ਵੀਂ ਬਰਸੀ ਨੂੰ ਸਮਰਪਿਤ ਵਿਸ਼ੇਸ਼ ਧਾਰਮਿਕ ਸਮਾਗਮ ਚੱਲ ਰਹੇ ਹਨ। ਇਹ ਸਮਾਗਮ 23 ਨਵੰਬਰ ਤੋਂ 29 ਨਵੰਬਰ ਤੱਕ ਚੱਲ ਰਹੇ ਹਨ, ਇਨ੍ਹਾਂ ਸਮਾਗਮਾਂ ਵਿਚ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਬਾਬਾ ਮਨਪ੍ਰੀਤ ਸਿੰਘ ਅਲੀਪੁਰ ਖਾਲਸਾ, ਭਾਈ ਅਮਨਜੀਤ ਸਿੰਘ ਖਾਲਸਾ ਦਿੱਲੀ ਵਾਲੇ, ਭਾਈ ਦਵਿੰਦਰ ਸਿੰਘ ਸੋਢੀ, ਭਾਈ ਦਿਲਬਾਗ ਸਿੰਘ ਸੰਗਰੂਰ ਵਾਲੇ, ਭਾਈ ਭਰਤ ਸਿੰਘ ਜਵੱਦੀ ਟਕਸਾਲ ਵਾਲੇ, ਭਾਈ ਹਰਜੀਤ ਸਿੰਘ ਮਹਿਤਾ ਚੌਕ ਵਾਲਿਆਂ ਤੋਂ ਇਲਾਵਾ ਢਾਡੀ ਜਥਾ ਹਰਮੇਲ ਸਿੰਘ ਦਿਲਬਰ, ਗੁਰਬਚਨ ਸਿੰਘ ਅਣਖੀ, ਸਮਸ਼ੇਰ ਸਿੰਘ, ਹਰਮੇਲ ਸਿੰਘ ਦਿਲਬਰ ਦਾ ਢਾਡੀ ਜਥੇ ਨੇ ਪੂਰਾ ਹਫਤਾ ਹਾਜ਼ਰੀ ਭਰੀ।

ਇਸ ਤੋਂ ਇਲਾਵਾ ਇਹ ਸਾਰੇ ਰਾਗੀ ਜਥੇ ਵਾਰੀ—ਵਾਰੀ ਹਰ ਰੋਜ ਸੇਵਾ ਨਿਭਾ ਰਹੇ ਹਨ। ਅੱਜ ਦੀ ਹਾਜ਼ਰੀ ਵਿਚ ਭਾਈ ਦਵਿੰਦਰ ਸਿੰਘ ਸੋਢੀ ਅਤੇ ਭਾਈ ਅਮਨਜੀਤ ਸਿੰਘ ਖਾਲਸਾ ਦਿੱਲੀ ਵਾਲਿਆਂ ਨੇ ਹਾਜ਼ਰੀ ਭਰੀ। ਇਸ ਮੌਕੇ ਤੇ ਬਾਬੇ ਕੇ ਪ੍ਰਬੰਧਕੀ ਜਸਵਿੰਦਰ ਸਿੰਘ ਕਾਲਾ, ਮਨਜੀਤ ਸਿੰਘ ਭੋਗਲ ਸੀਨੀਅਰ ਐਡਵੋਕੇਟ, ਗੁਰਮੀਤ ਸਿੰਘ ਜੰਡੂ, ਨਰਿੰਦਰ ਸਿੰਘ ਧੰਜਲ, ਧਰਮ ਸਿੰਘ ਘਟੋੜਾ, ਬਲਕਾਰ ਸਿੰਘ ਵੜੈਚ, ਅਮਰੀਕ ਸਿੰਘ ਮਿਕਾ, ਗੁਰਪ੍ਰੀਤ ਸਿੰਘ ਗੋਪੀ, ਰਘਬੀਰ ਸਿੰਘ, ਸੁਖਵਿੰਦਰ ਸਿੰਘ ਸੁਖੀ, ਅਵਤਾਰ ਸਿੰਘ ਜੰਡੀ, ਜਗਤਾਰ ਸਿੰਘ ਘਟੋੜਾ, ਜਸਵੰਤ ਸਿੰਘ ਸੈਬੀ, ਅਮਰੀਕ ਸਿੰਘ ਝੀਤਾ, ਬਲਕਾਰ ਸਿੰਘ ਵੜੈਚ, ਸਵਰਨ ਸਿੰਘ ਸੈਬੀ ਅਤੇ ਸਟੇਜ ਸਕੱਤਰ ਹਰਜਿੰਦਰ ਸਿੰਘ ਸੈਬੀ ਜੋ ਕਿ ਸਟੇਜ ਦੀ ਸੇਵਾ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾ ਰਹੇ ਹਨ। ਇਸੇ ਤਰ੍ਹਾਂ ਹੀ ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਪਹਿਲੀ ਲੜੀ 23 ਤੋਂ 25 ਤੱਕ ਅਤੇ 24 ਤੋਂ 27 ਤੱਕ ਅਤੇ 27 ਤੋਂ 29 ਤੱਕ ਚੱਲ ਰਹੇ ਹਨ।

ਇਸ ਮੌਕੇ ਤੇ ਇਨ੍ਹਾਂ ਬਰਸੀ ਸਮਾਗਮਾਂ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਹਾਜ਼ਰੀ ਭਰ ਰੀਆਂ ਹਨ। ਇਸ ਮੌਕੇ ਤੇ ਲੰਗਰ ਦੀ ਸੇਵਾ ਬੀਬੀ ਨਰਿੰਦਰ ਕੌਰ, ਬੀਬੀ ਨਰਿੰਦਰ ਕੌਰ, ਬੀਬੀ ਨਰੰਜਨ ਕੌਰ ਤੋਂ ਇਲਾਵਾ ਭਾਰੀ ਗਿਣਤੀ ਵਿਚ ਬੀਬੀਆਂ ਵੱਲੋਂ ਸੇਵਾ ਕੀਤੀ ਜਾ ਰਹੀ ਹੈ।

ਮਿਸਲ ਸਤਲੁਜ ਦੀ ਪੰਜਾਬ ਪੱਖੀ ਸੋਚ ਤੋਂ ਪ੍ਰਭਾਵਿਤ ਹੋ ਲਗਾਤਾਰ ਜਥੇਬੰਦੀ ਨਾਲ ਜੁੜ ਰਹੇ ਨੇ ਲੋਕ—ਦਵਿੰਦਰ ਸਿੰਘ ਸੇਖੋਂ



ਫ਼ਿਰੋਜ਼ਪੁਰ, 27 ਨਵੰਬਰ (ਮਨੋਹਰ ਲਾਲ) :— ਮਿਸਲ ਸਤਲੁਜ ਵੱਲੋਂ ਪੰਜਾਬ ਦੇ ਹੱਕਾਂ, ਹਿੱਤਾਂ ਅਤੇ ਖੁਸ਼ਹਾਲ ਭਵਿੱਖ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਲਗਾਤਾਰ ਲੋਕਾਂ ਦਾ ਸਮਰਥਨ ਮਿਲ ਰਿਹਾ ਹੈ, ਇਸੇ ਲੜੀ ਤਹਿਤ ਅੱਜ ਫਿਰੋਜ਼ਪੁਰ ਵਿਖੇ ਕਈ ਨਵੇਂ ਸਾਥੀ ਮਿਸਲ ਸਤਲੁਜ ਨਾਲ ਜੁੜੇ। ਜਥੇਬੰਦੀ ਵੱਲੋਂ ਨਵੇਂ ਸ਼ਾਮਲ ਹੋਏ ਸਾਥੀ ਗੁਰਜੀਤ ਸਿੰਘ, ਰਾਜਵਿੰਦਰ ਸਿੰਘ, ਬਲਵੀਰ ਸਿੰਘ, ਸੁਖਜਿੰਦਰ ਸਿੰਘ, ਰਣਜੀਤ ਸਿੰਘ, ਅਮਰਜੀਤ ਸਿੰਘ, ਸਰਬਜੀਤ ਸਿੰਘ, ਸ਼ਰਨਜੀਤ ਸਿੰਘ ਕਿਲੀ ਦਾ ਨਿੱਘਾ ਸਵਾਗਤ ਕਰਦਿਆਂ ਉਨ੍ਹਾਂ ਦਾ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਮਿਸਲ ਸਤਲੁਜ ਦੇ ਸਕੱਤਰ ਜਨਰਲ ਦਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਸਾਨੂੰ ਮਾਣ ਵੀ ਹੈ ਅਤੇ ਖੁਸ਼ੀ ਹੈ ਕਿ ਪੰਜਾਬ ਦਾ ਦਰਦ ਰੱਖਣ ਵਾਲੇ ਵੀਰ ਲਗਾਤਾਰ ਸਾਡੀ ਸੋਚ ਨਾਲ ਜੁੜ ਰਹੇ ਹਨ। ਉਨਾਂ ਕਿਹਾ ਕਿ ਮਿਸਲ ਸਤਲੁਜ ਦਾ ਟੀਚਾ ਕੋਈ ਅਹੁਦਾ, ਵਿਧਾਇਕੀ ਜਾਂ ਵਜ਼ੀਰੀ ਦੀ ਪ੍ਰਾਪਤੀ ਨਹੀਂ ਹੈ, ਸਾਡਾ ਇੱਕੋ—ਇੱਕ ਮਕਸਦ ਪੰਜਾਬ ਦੇ ਹੱਕਾਂ ਦੀ ਗੱਲ ਕਰਨਾ ਅਤੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨਾ ਹੈ। ਮਿਸਲ ਸਤਲੁਜ ਦੇ ਜ਼ਿਲ੍ਹਾ ਜਥੇਬੰਦਕ ਸਕੱਤਰ ਹਰਜਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਸਾਡੀ ਲੜਾਈ ਪੰਜਾਬ ਦੇ ਹੱਕਾਂ, ਪੰਜਾਬ ਦੇ ਸਰੋਤਾਂ ਅਤੇ ਪੰਜਾਬ ਦੇ ਲੋਕਾਂ ਦੇ ਬਿਹਤਰ ਭਵਿੱਖ ਲਈ ਹੈ, ਅਸੀਂ ਚਾਹੁੰਦੇ ਹਾਂ ਕਿ ਪੰਜਾਬ ਆਪਣੇ ਫ਼ੈਸਲੇ ਖੁਦ ਲੈਣ ਦੇ ਸਮਰੱਥ ਹੋਵੇ ਅਤੇ ਆਪਣੇ ਸਰੋਤਾਂ ਦੀ ਵਰਤੋਂ ਆਪਣੇ ਲੋਕਾਂ ਦੀ ਖੁਸ਼ਹਾਲੀ ਲਈ ਕਰ ਸਕੇ। ਗੱਲਬਾਤ ਕਰਦਿਆਂ ਮਾਨ ਸਿੰਘ ਕਿਲੀ ਹਲਕਾ ਇੰਚਾਰਜ ਗੁਰੂਹਰਸਾਹਏ ਨੇ ਕਿਹਾ ਕਿ ਮਿਸਲ ਸਤਲੁਜ ਨਾਲ ਜੁੜਨ ਵਾਲੇ ਹਰ ਵੀਰ ਦਾ ਅਸੀਂ ਦਿਲੋਂ ਧੰਨਵਾਦ ਕਰਦੇ ਹਾਂ, ਜਿਨ੍ਹਾਂ ਦੇ ਦਿਲ ਵਿੱਚ ਪੰਜਾਬ ਲਈ ਦਰਦ ਹੈ ਅਤੇ ਜੋ ਪੰਜਾਬ ਦੇ ਭਵਿੱਖ ਲਈ ਕੁਝ ਕਰਨ ਦਾ ਜਜ਼ਬਾ ਰੱਖਦੇ ਹਨ, ਉਨ੍ਹਾਂ ਸਾਰਿਆਂ ਦਾ ਮਿਸਲ ਸਤਲੁਜ ਵਿੱਚ ਸਵਾਗਤ ਹੈ। ਇਸ ਮੌਕੇ ਕਿਰਨਦੀਪ ਸਿੰਘ ਦੀਪ ਪੱਲਾ ਜੁਆਇੰਟ ਸਕੱਤਰ ਪੰਜਾਬ ਨੇ ਕਿਹਾ ਕਿ ਮਿਸਲ ਸਤਲੁਜ ਨੇ ਪੰਜਾਬ ਦੇ ਮੁੱਖ ਮੁੱਦੇ ਚੁੱਕਣ ਦੀ ਪਹਿਲ ਕੀਤੀ ਹੈ ਅਤੇ ਅਸੀਂ ਇਸ ਤੇ ਹਮੇਸ਼ਾ ਪਹਿਰਾ ਦਿੰਦੇ ਰਹਾਂਗੇ। ਇਸ ਮੌਕੇ ਸੰਦੀਪ ਕੌਰ

ਜਗਰਾਉਂ ਪਹੁੰਚੇ ਸੁਖਬੀਰ ਸਿੰਘ ਬਾਦਲ ਨੇ

ਕਾਰੋਬਾਰੀ, ਵਪਾਰੀ ਅਤੇ ਉਦਯੋਗਪਤੀਆਂ ਦੀਆਂ ਸੁਣੀਆਂ ਮੁਸ਼ਕਿਲਾਂ







ਜਗਰਾਉਂ/ਲੁਧਿਆਣਾ, (ਵਰਿਆਮ ਹਠੂਰ) - ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਗਰਾਉਂ ਅਤੇ ਖੰਨਾ ਵਿਖੇ ਵਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਨਾਲ ਮੀਟਿੰਗਾਂ ਕਰਦਿਆਂ ਕਿਹਾ ਕਿ 2027 ਵਿੱਚ ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਉਦਯੋਗਾਂ ਨੂੰ ਸਸਤੀ ਬਿਜਲੀ ਮੁਹੱਈਆ ਕਰਵਾਉਣ ਲਈ ਸੋਲਰ ਪਾਰਕ ਸਥਾਪਿਤ ਕੀਤੇ ਜਾਣਗੇ ਅਤੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦਿੱਤੀ ਜਾਵੇਗੀ।ਉਨ੍ਹਾਂ ਨਵੇਂ ਉਦਯੋਗਾਂ ਨੂੰ ਸਟੇਟ ਜੀਐੱਸਟੀ ਆਪਣੇ ਕੋਲ ਰੱਖਣ ਦੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ। ਸੁਖਬੀਰ ਬਾਦਲ ਨੇ ਕਿਹਾ ਕਿ ਛੋਟੇ ਦੁਕਾਨਦਾਰਾਂ ਲਈ ਰਾਹਤ ਸਕੀਮ ਮੁੜ ਸ਼ੁਰੂ ਕੀਤੀ ਜਾਵੇਗੀ, ਜਿਸ ਤਹਿਤ ਸਿਰਫ਼ 1,000 ਰੁਪਏ ਸਾਲਾਨਾ ਫੀਸ ਦੇ ਕੇ ਖਾਤਾ-ਕਿਤਾਬ ਰੱਖਣ ਦੀ ਪਰੇਸ਼ਾਨੀ ਤੋਂ ਛੁਟਕਾਰਾ ਮਿਲੇਗਾ। ਇਸ ਤੋਂ ਇਲਾਵਾ ਵਪਾਰੀਆਂ ਨੂੰ 10 ਲੱਖ ਰੁਪਏ ਦਾ ਮੈਡੀਕਲ ਅਤੇ ਫਾਇਰ ਬੀਮਾ ਅਤੇ 15 ਲੱਖ ਰੁਪਏ ਦਾ ਜੀਵਨ ਬੀਮਾ ਦੇਣ ਦਾ ਭਰੋਸਾ ਦਿੱਤਾ। ਉਦਯੋਗਪਤੀਆਂ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਉਨ੍ਹਾਂ ਸਟੀਲ ਰੋਲਿੰਗ ਮਿੱਲਾਂ ਲਈ ਮਲਟੀ-ਫਿਊਲ ਦੀ ਵਰਤੋਂ ਦੀ ਇਜਾਜ਼ਤ, ਕੋਲਡ ਸਟੋਰੇਜ ਮਾਲਕਾਂ ਨੂੰ ਬਿਜਲੀ ਦੇ ਨਿਸ਼ਚਿਤ ਖਰਚਿਆਂ ਤੋਂ ਰਾਹਤ ਅਤੇ ਆਲੂਆਂ ਦੀ ਬਹੁਤਾਤ ਹੋਣ 'ਤੇ ਆਟਾ-ਦਾਲ ਸਕੀਮ ਰਾਹੀਂ ਆਲੂ ਵੰਡਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਪ੍ਰਾਪਰਟੀ ਦੀ ਖਰੀਦ-ਵੇਚ ਲਈ ਐਨਓਸੀ ਦੀ ਸ਼ਰਤ ਖਤਮ ਕਰਨ, ਗੈਰ-ਨਿਯਮਤ ਕਾਲੋਨੀਆਂ ਰੈਗੂਲਰ ਕਰਨ ਅਤੇ ਰਜਿਸਟਰੀ ਤੇ ਇੰਤਕਾਲ ਇੱਕੋ ਸਮੇਂ ਕਰਨ ਦੀ ਵਿਵਸਥਾ ਕੀਤੀ ਜਾਵੇਗੀ। ਇਸੇ ਤਰ੍ਹਾਂ ਆੜ੍ਹਤੀਆਂ ਨੂੰ 2.5 ਫ਼ੀਸਦੀ ਕਮਿਸ਼ਨ, ਫਲੋਰ ਮਿੱਲਾਂ ਨੂੰ ਸਥਾਨਕ ਕਣਕ, ਸ਼ੈਲਰ ਮਾਲਕਾਂ ਦੇ ਗੋਦਾਮ 31 ਮਾਰਚ ਤੱਕ ਖਾਲੀ ਕਰਵਾਉਣ ਅਤੇ ਦਾਲ ਮਿੱਲਾਂ ਨੂੰ ਉਤਸ਼ਾਹਿਤ ਕਰਨ ਸਬੰਧੀ ਮੰਗਾਂ 'ਤੇ ਵੀ ਵਿਚਾਰ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ 'ਗਰੋਅ ਇਨ ਪੰਜਾਬ' ਮੁਹਿੰਮ ਸ਼ੁਰੂ ਕਰਨ ਅਤੇ ਇੱਟਾਂ ਦੇ ਭੱਠਿਆਂ ਵਿੱਚ ਪੈਲਟਸ ਦੀ ਲਾਜ਼ਮੀ ਵਰਤੋਂ ਤੋਂ ਰਾਹਤ ਦੇਣ ਦੀ ਗੱਲ ਵੀ ਆਖੀ ਸੁਨਿਆਰਿਆਂ ਨੂੰ ਪੁਲਿਸ ਵੱਲੋਂ ਬੇਵਜ੍ਹਾ ਪ੍ਰੇਸ਼ਾਨ ਨਾ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਸਾਬਕਾ ਵਿਧਾਇਕ ਐਸ.ਆਰ. ਕਲੇਰ ਨੇ ਕਿਹਾ ਕਿ ਪੰਜਾਬ ਦੀ ਆਰਥਿਕਤਾ ਦੀ ਮਜ਼ਬੂਤੀ ਲਈ ਵਪਾਰੀਆਂ, ਕਾਰੋਬਾਰੀਆਂ ਅਤੇ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਉਦਯੋਗਿਕ ਖੇਤਰ ਕਿਸੇ ਵੀ ਸੂਬੇ ਦੀ ਤਰੱਕੀ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਇਸ ਮੌਕੇ ਭਾਜਪਾ ਦੇ ਜਗਰਾਉਂ ਤੋਂ ਸੀਨੀਅਰ ਆਗੂ ਜ਼ਿਲ੍ਹਾ ਪ੍ਰਧਾਨ ਡਾਕਟਰ ਰਜਿੰਦਰ ਸ਼ਰਮਾਂ ਨੇ ਪਹੁੰਚੇ ਹੋਏ ਕਾਰੋਬਾਰੀਆਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦਾ ਹੱਲ ਦਾ ਭਰੋਸਾ ਦਿੱਤਾ, ਉਨ੍ਹਾਂ ਕਿਹਾ ਕਿ ਪੰਜਾਬ ਦੇ ਉਦਯੋਗਿਕ ਖੇਤਰ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਵਿਕਾਸ ਨੂੰ ਨਵੀਂ ਰਫ਼ਤਾਰ ਦੇਣ ਲਈ ਉਦਯੋਗਪਤੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਜ਼ਰੂਰੀ ਹੈ। ਜਗਰਾਉਂ ਵਿਖੇ ਹੋਈ ਮੀਟਿੰਗ ਵਿੱਚ ਇਸ ਮੌਕੇ ਐੱਸਜੀਪੀਸੀ ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ,ਜ਼ਿਲਾ ਪ੍ਰਧਾਨ ਚੰਦ ਸਿੰਘ ਡੱਲਾ, ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਸਰਕਲ ਪ੍ਰਧਾਨ ਸ਼ਿਵਰਾਜ ਸਿੰਘ ਸਰਪੰਚ, ਸਰਕਲ ਪ੍ਰਧਾਨ ਮਨਦੀਪ ਸਿੰਘ ਗਾਲਿਬ, ਸਰਕਲ ਪ੍ਰਧਾਨ ਪਰਮਿੰਦਰ ਸਿੰਘ ਚੀਮਾ, ਸਰਕਲ ਪ੍ਰਧਾਨ ਰਣਧੀਰ ਸਿੰਘ ਚਕਰ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਸਰਕਲ ਪ੍ਰਧਾਨ ਕੁਲਦੀਪ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਤੇਜਿੰਦਰਪਾਲ ਸਿੰਘ ਕੰਨੀਆਂ , ਸਰਕਲ ਪ੍ਰਧਾਨ ਚਰਨਜੀਤ ਸਿੰਘ ਜਗਰਾਓਂ, ਸੀਨੀਅਰ ਅਕਾਲੀ ਆਗੂ ਦੀਪਇੰਦਰ ਸਿੰਘ ਭੰਡਾਰੀ, ਵਪਾਰੀ ਵਿੰਗ ਹਲਕਾ ਪ੍ਰਧਾਨ ਹਰਦੇਵ ਸਿੰਘ ਬੋਬੀ, ਯੂਥ ਆਗੂ ਵਰਿੰਦਰਪਾਲ ਸਿੰਘ ਪਾਲੀ, ਯੂਥ ਹਲਕਾ ਪ੍ਰਧਾਨ ਜਸਪ੍ਰੀਤ ਸਿੰਘ ਚਕਰ, ਐਸ ਸੀ ਹਲਕਾ ਪ੍ਰਧਾਨ ਰੇਸ਼ਮ ਸਿੰਘ ਮਾਣੂੰਕੇ , ਬੀ ਸੀ ਵਿੰਗ ਹਲਕਾ ਪ੍ਰਧਾਨ ਪਰਮਿੰਦਰ ਸਿੰਘ ਕੰਬੋ ਹਠੂਰ, ਯੂਥ ਆਗੂ ਜੱਟ ਗਰੇਵਾਲ, ਯੂਥ ਆਗੂ ਸੰਦੀਪ ਸਿੰਘ ਮੱਲ੍ਹਾ, ਸੀਨੀਅਰ ਅਕਾਲੀ ਆਗੂ ਜਗਰੂਪ ਸਿੰਘ ਕੋਠੇ ਅੱਠ ਚੱਕ, ਆਈ ਟੀ ਵਿੰਗ ਹਲਕਾ ਪ੍ਰਧਾਨ ਸੁਖਦੇਵ ਸਿੰਘ ਜੱਗਾ ਸੋਖੇਂ, ਆਈ ਟੀ ਵਿੰਗ ਹਲਕਾ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਬੱਸੂਵਾਲ, ਸੀਨੀਅਰ ਅਕਾਲੀ ਆਗੂ ਜਸਵੀਰ ਸਿੰਘ ਦੇਹੜਕਾ, ਸੀਨੀਅਰ ਅਕਾਲੀ ਆਗੂ ਅਮਰਜੀਤ ਸਿੰਘ ਰਸੂਲਪੁਰ, ਸੀਨੀਅਰ ਅਕਾਲੀ ਆਗੂ ਬੂਟਾ ਸਿੰਘ ਭੰਮੀਪੁਰਾ, ਜਨਰਲ ਕੌਂਸਲ ਮਲਕੀਤ ਸਿੰਘ ਹਠੂਰ, ਆੜਤੀਆ ਅਵਤਾਰ ਸਿੰਘ ਕਲੇਰ ਹਠੂਰ, ਨੀਟੂ ਰਸੂਲਪੁਰ, ਹਰਦੀਪ ਸਿੰਘ ਮਾਣੂੰਕੇ ,ਜਨਰਲ ਕੌਂਸਲ ਮਹਿੰਦਰਜੀਤ ਸਿੰਘ ਵਿੱਕੀ, ਜਨਰਲ ਕੌਂਸਲ ਸੁਖਬੀਰ ਸਿੰਘ ਰਾਜੂ ਡਾਂਗੀਆ, ਨਰੇਸ਼ ਕੁਮਾਰ, ਪਰਮਿੰਦਰ ਸਿੰਘ ਕੋਠੇ ਫਤਹਿਦੀਨ, ਗੁਰਸਰਨ ਸਿੰਘ ਜਗਰਾਓਂ, ਅਵਤਾਰ ਸਿੰਘ ਬਿੱਲਾ ਪੱਲੇਦਾਰ ਯੂਨੀਅਨ ਸੂਬਾ ਪ੍ਰਧਾਨ, ਜਥੇਦਾਰ ਜਸਦੇਵ ਸਿੰਘ ਲੀਲਾ, ਬਲਾਕ ਸੰਮਤੀ ਮੈਂਬਰ ਬਿੱਟੂ ਲੰਮੇ, ਨੰਬਰਦਾਰ ਕਾਕਾ ਲੰਮੇ, ਨੰਬਰਦਾਰ ਸਤਨਾਮ ਸਿੰਘ ਬੱਸੂਵਾਲ, ਹਨੀ ਗੋਇਲ, ਪ੍ਰਧਾਨ ਜਗਜੀਤ ਸਿੰਘ ਡੱਲ੍ਹਾ, ਚੇਤਨ ਸਿੰਘ ਚਕਰ ਯੂਥ ਪ੍ਰਧਾਨ, ਸੁੱਖੂ ਜਗਰਾਓਂ ਯੂਥ ਪ੍ਰਧਾਨ, ਜਗਤਾਰ ਸਿੰਘ ਕੋਠੇ ਅੱਠ ਚੱਕ, ਗੁਰਮੀਤ ਸਿੰਘ ਜਗਰਾਓਂ ਡਾਕਟਰ, ਸਰਬਜੀਤ ਸਿੰਘ ਗਰਚਾ, ਅਰਸ਼ ਡੱਲਾ, ਗੁਰਵੀਰ ਸਿੰਘ ਸਰਾਂ ਡੱਲ੍ਹਾ,ਸਾਬਕਾ ਸਰਪੰਚ ਕਰਮਜੀਤ ਕੋਠੇ ਸ਼ੇਰਸੰਗ, ਮਿੰਟੂ ਸਵੱਦੀ, ਰਿਕੂ ਕਲੇਰਾ, ਬੂਟਾ ਸਿੰਘ ਬੁਰਜ ਕੁਲਾਰਾ, ਬਲਜਿੰਦਰ ਸਿੰਘ ਅਖਾੜਾ, ਮਨਦੀਪ ਸਿੰਘ ਸਿੱਧਵਾਂ ਕਲਾਂ, ਜਤਿੰਦਰ ਸਿੰਘ ਸਿੱਧਵਾਂ ਖੁਰਦ, ਹਾਕਮ ਸਿੰਘ ਚੀਮਨਾ, ਲਾਡੀ ਦੇਹੜਕਾ, ਬਿੱਟੂ ਹਠੂਰ, ਸੁਖਪ੍ਰੀਤ ਹਠੂਰ, ਝਲਮਣ ਸਿੰਘ ਬਾਠ ਚਕਰ, ਚਮਕੌਰ ਸਿੰਘ ਬੁਜਗਰ, ਜਸਵੰਤ ਸਿੰਘ ਪੱਤੀਮੁਲਤਾਨੀ,ਸੁਰਿੰਦਰ ਸਿੰਘ ਪਰਜੀਆ ਬਿਹਾਰੀਪੁਰ,ਗਗਨਦੀਪ ਸਿੰਘ ਸਰਨਾ, ਸਤਨਾਮ ਸਿੰਘ ਜਗਰਾਓਂ, ਗੁਰਚਰਨ ਸਿੰਘ ਬਾਗੀਆਂ, ਅਵਤਾਰ ਸਿੰਘ ਤਿਹਾੜਾ, ਗੁਰਵਿੰਦਰ ਸਿੰਘ ਕੋਟਲੀ, ਗੁਰਦੀਪ ਸਿੰਘ ਗਾਲਿਬ ਖੁਰਦ, ਸਰਬਜੀਤ ਸਿੰਘ ਕਾਨਗੋ ਸ਼ੇਰਪੁਰ ਕਲਾਂ, ਦਵਿੰਦਰ ਸਿੰਘ ਖੇਲਾ ਸ਼ੇਰਪੁਰ ਕਲਾਂ, ਨਿਰਭੈ ਸਿੰਘ ਅਲ੍ਹੀਗੜ, ਪ੍ਰਿਤਪਾਲ ਸਿੰਘ ਮੱਲ੍ਹਾ, ਜਸਵਿੰਦਰ ਸਿੰਘ ਲੱਖਾ ਪੰਚ, ਸੁਰਜੀਤ ਸਿੰਘ ਲੱਖਾ, ਗੋਪੀ ਕਮਾਲਪੁਰਾ, ਰਵਿੰਦਰ ਸਿੰਘ ਰਣਧੀਰਗੜ੍ਹ, ਗੋਪਾਲ ਸਿੰਘ ਨੰਬਰਦਾਰ ਭੰਮੀਪੁਰਾ, ਬਲਜਿੰਦਰ ਸਿੰਘ ਗੁਰੂਸਰ, ਰੂਪ ਸਿੰਘ ਬਾਥ ਚੱਕਰ, ਚੰਨਪ੍ਰੀਤ ਸਿੰਘ ਚੀਮਨਾ, ਗੁਰਬਖਸ਼ ਸਿੰਘ ਬਰਸਾਲ, ਕਰਨੈਲ ਸਿੰਘ ਜਨੇਤਪੁਰਾ, ਜੋਨਸਨ ਜਗਰਾਓਂ, ਮਨਜੀਤ ਸਿੰਘ ਫ਼ੌਜੀ ਜਗਰਾਓਂ,ਸਮੇਤ ਕਈ ਆਗੂ ਅਤੇ ਵਪਾਰਕ ਵਰਗ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ

ਅਕਾਲੀ-ਭਾਜਪਾ ਸਰਕਾਰ ਬਣਨ 'ਤੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਦੇਵਾਂਗੇ : ਸੁਖਬੀਰ ਬਾਦਲ

ਆਵਾਜ਼ਿ ਕੌਮ AWAZE QAUM International Newspaper & WEB TV

ਮੰਗਾਂ ਨੂੰ ਲੈ ਕੇ ਪੰਜਾਬ ਏਡਜ ਕੰਟਰੋਲ ਵੈਲਫੇਅਰ ਸੁਸਾਇਟੀ ਦੇ ਮੁਲਾਜ਼ਮਾਂ ਨੇ ਸਰਕਾਰੀ ਸੇਵਾਵਾਂ ਬੰਦ ਦਾ ਦਿੱਤਾ ਸੱਦਾ



ਫ਼ਿਰੋਜ਼ਪੁਰ, 27 ਨਵੰਬਰ (ਮਨੋਹਰ ਲਾਲ) :— ਪੰਜਾਬ ਏਡਜ ਕੰਟਰੋਲ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੰਜਾਬ ਸਰਕਾਰ ਖਿਲਾਫ ਸੰਘਰਸ਼ਾਂ ਦਾ ਐਲਾਨ ਕਰਦੇ ਹੋਏ ਅੱਜ ਜ਼ਿਲ੍ਹਾ ਫਿਰੋਜ਼ਪੁਰ ਦੀ ਜਥੇਬੰਦੀ ਵੱਲੋਂ ਜਿਲ੍ਹੇ ਦੇ ਆਗੂ ਮੋਨਿਕਾ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੰਜ ਸਾਲ ਲਗਾਤਾਰ ਮੁਲਾਜ਼ਮਾ ਦੀਆਂ ਮੰਗਾਂ ਮੰਨਣ ਦੀ ਬਜਾਏ ਮੁਲਾਜ਼ਮਾਂ ਨੂੰ ਖੱਜਲ ਖਵਾਰ ਕੀਤਾ ਗਿਆ ਹੈ ਅਤੇ ਅੱਜ ਤੱਕ ਪੰਜਾਬ ਏਡਜ ਕੰਟਰੋਲ ਸੁਸਾਇਟੀ ਦੇ ਕਿਸੇ ਵੀ ਮੁਲਾਜ਼ਮ ਦੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਇਸ ਦੇ ਰੋਸ ਵਜੋਂ 25 ਤਰੀਕ ਨੂੰ ਪੂਰੇ ਪੰਜਾਬ ਦੇ ਪੰਜਾਬ ਏਡਜ ਕੰਟਰੋਲ ਸੁਸਾਇਟੀ ਦੇ ਮੁਲਾਜ਼ਮਾਂ ਵੱਲੋਂ ਡਾਇਰੈਕਟਰ ਦਫਤਰ ਵਿਖੇ ਰੋਸ ਧਰਨਾ ਮਾਰਿਆ ਗਿਆ ਅਤੇ ਇਸ ਧਰਨੇ ਉਪਰੰਤ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ, ਪੂਰੇ ਪੰਜਾਬ ਦੇ ਮੁਲਾਜ਼ਮਾਂ ਵੱਲੋਂ ਆਨਲਾਈਨ ਕੰਮ ਦਾ ਬਾਈਕਾਟ ਕੀਤਾ ਗਿਆ ਹੈ ਅਤੇ 30 ਤਰੀਕ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜਥੇਬੰਦੀ ਨੇ ਫੈਸਲਾ ਕੀਤਾ ਕਿ ਜੇਕਰ ਕੁਝ ਦਿਨਾਂ ਦੇ ਅੰਦਰ ਪੰਜਾਬ ਏਡਸ ਕੰਟਰੋਲ ਸੁਸਾਇਟੀ ਦੇ ਮੁਲਾਜ਼ਮਾਂ ਨਾਲ ਕੀਤੇ ਵਾਅਦੇ ਅਨੁਸਾਰ 20 ਫੀਸਦੀ ਦਾ ਵਾਧਾ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਵੱਡੇ ਸੰਘਰਸ਼ ਉਲੀਕੇ ਜਾਣਗੇ ਅਤੇ ਪੂਰਨ ਤੌਰ ਤੇ ਕੰਮ ਦਾ ਬਾਈਕਾਟ ਕੀਤਾ ਜਾਏਗਾ। ਇਸ ਦੌਰਾਨ ਜੇਕਰ ਮਰੀਜ਼ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਉਸ ਦੀ ਜਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਲਗਾਤਾਰ ਪੰਜ ਸਾਲ ਤੋਂ ਮੀਟਿੰਗਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਬਹੁਤੀ ਵਾਰ ਮੀਟਿੰਗਾਂ ਦੇ ਕੇ ਸਰਕਾਰ ਵੱਲੋਂ ਮੀਟਿੰਗਾਂ ਤੋਂ ਭੱਜਿਆ ਜਾ ਰਿਹਾ ਹੈ। ਮੁਲਾਜ਼ਮਾਂ ਦੀਆਂ ਮੰਗਾਂ ਨੂੰ ਜਾਇਜ਼ ਦੱਸਦੇ ਹੋਏ ਪੈਰਾ ਮੈਡੀਕਲ ਸਿਹਤ ਕਰਮਚਾਰੀ ਕਮੇਟੀ ਦੇ ਕਨਵੀਨਰ ਨਰਿੰਦਰ ਸ਼ਰਮਾ ਨੇ ਕਿਹਾ ਕਿ ਜੇਕਰ ਸਰਕਾਰ ਨੇ ਉਨ੍ਹਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਆਉਣ ਵਾਲੀਆਂ ਚੋਣਾਂ ਵਿੱਚ ਵੀ ਪੰਜਾਬ ਏਡਜ ਕੰਟਰੋਲ ਸੁਸਾਇਟੀ ਦੇ ਸਮੂਹ ਮੁਲਾਜ਼ਮ ਅਤੇ ਸਿਹਤ ਵਿਭਾਗ ਦੇ ਸਮੂਹ ਮੁਲਾਜ਼ਮ ਆਪ ਸਰਕਾਰ ਦਾ ਵਿਰੋਧ ਕਰਨਗੇ। ਇਸ ਵਿੱਚ ਹੋਰਨਾਂ ਤੋਂ ਇਲਾਵਾ ਸ਼ੈਲੀ ਪਰਵੀਨ ਅਮਨਦੀਪ ਕੌਰ, ਅਮਨਦੀਪ ਸ਼ਰਮਾ, ਮਨਪ੍ਰੀਤ ਕੌਰ, ਪੁਨੀਤਾ ਰਿੰਕੂ, ਰਜਨੀ, ਸੀਮਾ, ਸੁਖਰਾਜ ਸਿੰਘ ਪਿੰਕੀ ਤੇ ਆਈ ਸੀ.ਟੀ.ਸੀ, ਏ.ਆਰ.ਟੀ, ਓ.ਐਸ.ਟੀ ਦੇ ਸਮੂਹ ਮੁਲਾਜ਼ਮ ਹਾਜ਼ਰ ਸਨ ਅਤੇ ਇਸ ਉਪਰੰਤ ਸਾਰਿਆਂ ਨੇ ਫੈਸਲਾ ਕੀਤਾ ਕਿ ਸਮੂਹ ਮੁਲਾਜ਼ਮ ਛੁੱਟੀ ਲੈ ਕੇ 30 ਤਰੀਕ ਨੂੰ ਸੰਗਰੂਰ ਵਿਖੇ ਧਰਨੇ ਵਿੱਚ ਸ਼ਾਮਿਲ ਹੋਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

ਸਾਰੀਆਂ ਰਵਾਇਤੀ ਪਾਰਟੀਆਂ ਨੇ ਸਮਾਜਿਕ ਇਕਰਾਰਨਾਮਾ ਤੋੜਿਆ, ਅਧਿਕਾਰ ਸੰਘਰਸ਼ ਪਾਰਟੀ ਇਸ ਨੂੰ ਮੁੜ ਬਹਾਲ ਕਰੇਗੀ—ਇੰਜ. ਸੁਰਿੰਦਰ ਸਿੰਘ ਭਿੰਡਰ

ਫ਼ਿਰੋਜ਼ਪੁਰ, 27 ਨਵੰਬਰ (ਮਨੋਹਰ ਲਾਲ) :— ਅਧਿਕਾਰ ਸੰਘਰਸ਼ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਪ੍ਰਮੁੱਖ ਸਲਾਹਕਾਰ ਇੰਜ. ਸੁਰਿੰਦਰ ਸਿੰਘ ਭਿੰਡਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਸੱਤਾ ਹੰਢਾ ਚੁੱਕੀਆਂ ਅਤੇ ਹੰਢਾ ਰਹੀਆਂ ਸਾਰੀਆਂ ਪਾਰਟੀਆਂ ਨੇ ਸਮਾਜਿਕ ਇਕਰਾਰਨਾਮਾ ਤੋੜ ਦਿੱਤਾ ਹੈ।ਉਨ੍ਹਾਂ ਕਿਹਾ ਕਿ ਸਮਾਜਿਕ ਇਕਰਾਰਨਾਮਾ ਸਰਕਾਰ ਅਤੇ ਲੋਕਾਂ ਵਿਚਕਾਰ ਸਾਂਝੇ ਹਿੱਤਾਂ ਦੀ ਰਾਖੀ ਕਰਦਾ ਹੈ, ਪਰ ਇਹ ਇਕਰਾਰਨਾਮਾ ਹੁਣ ਤਕਰੀਬਨ ਟੁੱਟ ਚੁੱਕਾ ਹੈ, ਸਰਕਾਰਾਂ ਦੇਸ਼ ਦੀ ਦੌਲਤ ਅਤੇ ਵਿੱਤੀ ਸਰੋਤ ਸੁਰੱਖਿਆ ਪੱਖੋਂ ਫੌਜੀ ਸਾਜ਼ੋ ਸਾਮਾਨ ਦੀਆਂ ਤਿਆਰੀਆਂ ਵਿਚ ਲਗਾ ਦਿੰਦੀਆਂ ਹਨ, ਜਿਸ ਨਾਲ ਸਿਹਤ ਤੇ ਸਿੱਖਿਆ ਖੇਤਰ ਅਤੇ ਸਮਾਜਿਕ ਵਿਕਾਸ ਪਛੜ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਅਤੇ ਸਮਾਜਿਕ ਵਿਕਾਸ ਲਈ ਨਿਗੂਣਾ ਬਜ਼ਟ ਹੀ ਰੱਖਿਆ ਜਾਂਦਾ ਹੈ, ਇਸ ਦੇ ਮਾੜੇ ਨਤੀਜਿਆਂ ਕਾਰਨ ਦੇਸ਼ ਦਾ ਸਮਾਜਿਕ ਅਰਥਚਾਰਾ ਵੀ ਪ੍ਰਭਾਵਿਤ ਹੁੰਦਾ ਹੈ, ਮਹਿੰਗਾਈ ਅਤੇ ਰਹਿਣ ਸਹਿਣ ਦੇ ਖਰਚਿਆਂ ਵਿਚ ਨਿਰੰਤਰ ਵਾਧਾ ਗ਼ਰੀਬ ਪਰਿਵਾਰਾਂ ਦਾ ਲੱਕ ਤੋੜ ਰਿਹਾ ਹੈ। ਉਨ੍ਹਾਂ ਕਿਹਾ ਕਿ ਅਮੀਰੀ ਅਤੇ ਗ਼ਰੀਬੀ ਵਿਚ ਵੱਧਦੇ ਪਾੜੇ ਕਾਰਨ ਸਰਕਾਰ ਅਤੇ ਲੋਕਾਂ ਵਿਚਕਾਰ ਸਮਾਜਿਕ ਇਕਰਾਰਨਾਮਾ ਬਿਲਕੁਲ ਮੁੱਢੋਂ ਹੀ ਟੁੱਟਿਆ ਦਿਖਾਈ ਦੇ ਰਿਹਾ ਹੈ।



ਇੰਜੀਨੀਅਰ ਭਿੰਡਰ ਨੇ ਕਿਹਾ ਕਿ ਦੇਸ਼ ਦੀ ਅਬਾਦੀ 140 ਕਰੋੜ ਨੂੰ ਪਾਰ ਕਰ ਚੁੱਕੀ ਹੈ, ਹਰ ਸਾਲ ਕਰੀਬ 50 ਲੱਖ ਗ੍ਰੈਜੂਏਟ ਲੜਕੇ—ਲੜਕੀਆਂ ਰੁਜ਼ਗਾਰ ਮੰਡੀ ਵਿੱਚ ਪ੍ਰਵੇਸ਼ ਕਰ ਰਹੇ ਹਨ, ਨਿੱਜੀ ਅਦਾਰਿਆਂ ਕਾਰਨ ਨੌਕਰੀਆਂ ਸੀਮਤ ਹੋ ਗਈਆਂ ਹਨ ਅਤੇ ਬੇਰੁਜ਼ਗਾਰੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਬੇਰੁਜ਼ਗਾਰੀ ਤੇਜ਼ੀ ਨਾਲ ਟਾਈਮ ਬੰਬ ਬਣਦੀ ਜਾ ਰਹੀ ਹੈ, ਦੇਸ਼ ਵਿਰੋਧੀ ਅਨਸਰ ਇਸ ਦੀ ਕਿਸੇ ਵੇਲੇ ਵੀ ਗਲਤ ਵਰਤੋਂ ਕਰ ਸਕਦੇ ਹਨ। ਪੰਜਾਬ ਪ੍ਰਧਾਨ ਅਧਿਕਾਰ ਸੰਘਰਸ਼ ਪਾਰਟੀ ਨੇ ਕਿਹਾ ਕਿ ਲੰਮੇ ਅ

ਪੰਥਕ ਅਗਵਾਈ ਦੀ ਮੁੜ ਸਥਾਪਤੀ ਅਤੇ ਪੰਜਾਬ ਦੇ ਭਵਿੱਖ ਲਈ ਅਕਾਲੀ-ਭਾਜਪਾ ਗਠਜੋੜ ਇਤਿਹਾਸਕ ਫੈਸਲਾ: ਭੁੰਦੜ, ਸਰਨਾ

ਬੰਦੀ ਸਿੰਘਾਂ ਦੀ ਰਿਹਾਈ, ਕਰਤਾਰਪੁਰ ਲਾਂਘੇ, ਕਿਸਾਨੀ ਸੰਕਟ ਅਤੇ ਨਸ਼ਿਆਂ ਦੇ ਖਾਤਮੇ ਸਮੇਤ ਅਹਿਮ ਮੁੱਦਿਆਂ ਦੇ ਹੱਲ ਦਾ ਭਰੋਸਾ ਤੇ ਪੰਜਾਬ ਦਾ ਮੁੱਖ ਮੰਤਰੀ ਅਕਾਲੀ ਦਲ ਦਾ ਹੋਵੇਗਾ



ਨਵੀਂ ਦਿੱਲੀ, 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ): ਅਕਾਲੀ-ਭਾਜਪਾ ਗਠਜੋੜ ਨੂੰ ਪੰਥ,ਪੰਜਾਬ ਅਤੇ ਸਿੱਖ ਕੌਮ ਦੇ ਭਵਿੱਖ ਦੀ ਸੁਰੱਖਿਆ ਲਈ ਇਤਿਹਾਸਕ ਫੈਸਲਾ ਕਰਾਰ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਇੰਚਾਰਜ ਬਲਵਿੰਦਰ ਸਿੰਘ ਭੁੰਦੜ ਅਤੇ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਿਹਾ ਕਿ 106 ਸਾਲ ਪੁਰਾਣੇ ਸ਼੍ਰੋਮਣੀ ਅਕਾਲੀ ਦਲ ਨੇ ਦੇਸ਼ ਦੀ ਆਜ਼ਾਦੀ, ਪੰਜਾਬੀ ਸੂਬੇ ਦੀ ਪ੍ਰਾਪਤੀ ਅਤੇ ਸਿੱਖ ਹੱਕਾਂ ਦੀ ਰਾਖੀ ਲਈ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਇਸ ਇਤਿਹਾਸਕ ਵਿਰਾਸਤ ਨੂੰ ਅੱਗੇ ਤੋਰਨ ਅਤੇ ਕਮਜ਼ੋਰ ਹੋ ਰਹੀ ਪੰਥਕ ਅਗਵਾਈ ਨੂੰ ਮੁੜ ਮਜ਼ਬੂਤ ਕਰਨ ਲਈ ਇਹ ਗਠਜੋੜ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਨਸ਼ਿਆਂ, ਕਿਸਾਨੀ ਸੰਕਟ, ਬੰਦੀ ਸਿੰਘਾਂ ਦੀ ਰਿਹਾਈ ਅਤੇ ਅਮਨ-ਸ਼ਾਂਤੀ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਹਿੰਦੂ-ਸਿੱਖ ਏਕਤਾ ਨੂੰ ਪੰਜਾਬ ਦੀ ਸਭ ਤੋਂ ਵੱਡੀ ਤਾਕਤ ਦੱਸਦਿਆਂ ਉਨ੍ਹਾਂ ਕਿਹਾ ਕਿ ਗਠਜੋੜ ਸੂਬੇ ਨੂੰ ਨਫ਼ਰਤ ਅਤੇ ਵੰਡ ਦੀ ਰਾਜਨੀਤੀ ਤੋਂ ਬਚਾ ਕੇ ਭਾਈਚਾਰੇ ਤੇ ਖੁਸ਼ਹਾਲੀ ਵੱਲ ਲਿਜਾਣ ਵਿੱਚ ਭੂਮਿਕਾ ਨਿਭਾਏਗਾ। ਸਰਨਾ ਨੇ ਸਪੱਸ਼ਟ ਕੀਤਾ ਕਿ ਬੰਦੀ ਸਿੰਘਾਂ ਦੀ ਰਿਹਾਈ ਗਠਜੋੜ ਦੀ ਪਹਿਲੀ ਤਰਜੀਹ ਹੈ ਅਤੇ ਕੇਂਦਰ ਸਰਕਾਰ ਨਾਲ ਗੱਲਬਾਤ ਰਾਹੀਂ ਇਸ ਦਾ ਸਥਾਈ ਹੱਲ ਕੱਢਣ ਲਈ ਯਤਨ ਕੀਤੇ ਜਾਣਗੇ। ਇਸੇ ਤਰ੍ਹਾਂ ਕਰਤਾਰਪੁਰ ਲਾਂਘੇ ਸਮੇਤ ਹੋਰ ਪੰਥਕ ਮਸਲਿਆਂ ਦੇ ਛੇਤੀ ਹੱਲ ਦੀ ਉਮੀਦ ਵੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਕਿਸਾਨ ਪੰਜਾਬ ਦੀ ਰੀੜ੍ਹ ਦੀ ਹੱਡੀ ਹਨ ਅਤੇ ਖੇਤੀ ਕਾਨੂੰਨਾਂ ਸਮੇਂ ਪਾਰਟੀ ਨੇ ਸਿਧਾਂਤਕ ਸਟੈਂਡ ਲਿਆ ਸੀ, ਹੁਣ ਕਿਸਾਨਾਂ ਦੇ ਮਸਲੇ ਕੇਂਦਰ ਨਾਲ ਗੱਲਬਾਤ ਕਰਕੇ ਹੱਲ ਕਰਵਾਏ ਜਾਣਗੇ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਗਠਜੋੜ ਵਿੱਚ ਅਕਾਲੀ ਦਲ ਵੱਡੇ ਭਰਾ ਦੀ ਭੂਮਿਕਾ ਵਿੱਚ ਹੋਵੇਗਾ ਅਤੇ ਪੰਜਾਬ ਦਾ ਮੁੱਖ ਮੰਤਰੀ ਅਕਾਲੀ ਦਲ ਦਾ ਬਣੇਗਾ। ਸਿੱਖ ਸੰਸਥਾਵਾਂ ਦੀ ਆਜ਼ਾਦੀ ਅਤੇ ਮਰਿਆਦਾ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ। ਅਕਾਲੀ-ਭਾਜਪਾ ਗਠਜੋੜ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਦਿੱਲੀ ਦਫ਼ਤਰ ਵਿਖੇ ਹੋਈ ਪਾਰਟੀ ਅਹੁਦੇਦਾਰਾਂ ਅਤੇ ਵਰਕਰਾਂ ਦੀ ਮੀਟਿੰਗ ਦੌਰਾਨ ਆਗੂਆਂ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸੰਕਲਪ ਦੁਹਰਾਉਂਦਿਆਂ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਅਤੇ ਨੌਜਵਾਨਾਂ ਲਈ ਖੇਡਾਂ, ਸਿੱਖਿਆ ਤੇ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਦੀ ਗੱਲ ਕਹੀ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਕਾਇਮ ਰੱਖਣ ਲਈ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਉੱਤੇ ਚੱਲਣ ਵਾਲੀ ਮਜ਼ਬੂਤ ਪੰਥਕ ਅਗਵਾਈ ਜ਼ਰੂਰੀ ਹੈ। ਭੁੰਦੜ ਅਤੇ ਸਰਨਾ ਨੇ ਦਿੱਲੀ ਗੁਰਦੁਆਰਾ ਚੋਣਾਂ ਲਈ ਵਰਕਰਾਂ ਨੂੰ ਹੁਣੇ ਤੋਂ ਕਮਰਕੱਸੇ ਕਰਨ ਦਾ ਸੱਦਾ ਦਿੱਤਾ ਅਤੇ ਪਾਰਟੀ ਦੇ ਵਿਸਥਾਰ ਤੇ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਅਹੁਦੇਦਾਰਾਂ ਨੂੰ ਅਹਿਮ ਜ਼ਿੰਮੇਵਾਰੀਆਂ ਸੌਂਪੀਆਂ। ਮੀਟਿੰਗ ਵਿੱਚ ਸਾਬਕਾ ਪ੍ਰਧਾਨ ਹਰਵਿੰਦਰ ਸਿੰਘ ਸਰਨਾ, ਮਨਜੀਤ ਸਿੰਘ ਜੀ.ਕੇ., ਕੌਮੀ ਜਨਰਲ ਸਕੱਤਰ ਗੁਰਮੀਤ ਸਿੰਘ ਸ਼ੰਟੀ ਅਤੇ ਜਤਿੰਦਰ ਸਿੰਘ ਸਾਹਨੀ ਸਮੇਤ ਹੋਰ ਆਗੂ ਮੌਜੂਦ ਸਨ।

ਜਤਿੰਦਰ ਸਿੰਘ ਸੋਨੂੰ ਬਣੇ

ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਸੀਨੀਅਰ ਵਾਈਸ ਪ੍ਰੈਸੀਡੈਂਟ



ਨਵੀਂ ਦਿੱਲੀ 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ): ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਵੱਲੋਂ ਪਾਰਟੀ ਦੇ ਸਰਗਰਮ ਮੈਂਬਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਤਿੰਦਰ ਸਿੰਘ ਸੋਨੂੰ ਨੂੰ ਸੀਨੀਅਰ ਵਾਈਸ ਪ੍ਰੈਸੀਡੈਂਟ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਭੁੰਦੜ ਅਤੇ ਪਰਮਜੀਤ ਸਿੰਘ ਸਰਨਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਉਨ੍ਹਾਂ ਨੇ ਜਤਿੰਦਰ ਸਿੰਘ ਸੋਨੂੰ ਨੂੰ ਨਵੀਂ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਦਿੱਤੀ ਅਤੇ ਪਾਰਟੀ ਦੀ ਮਜ਼ਬੂਤੀ ਲਈ ਉਨ੍ਹਾਂ ਤੋਂ ਹੋਰ ਸਰਗਰਮ ਭੂਮਿਕਾ ਦੀ ਆਸ ਪ੍ਰਗਟਾਈ।



ਤਿਲਕ ਨਗਰ ਇਲਾਕੇ ਤੋਂ ਦਿੱਲੀ ਗੁਰਦੁਆਰਾ ਕਮੇਟੀ ਦੇ ਮੈਂਬਰ ਜਤਿੰਦਰ ਸਿੰਘ ਸੋਨੂੰ ਸ਼ਹੀਦ ਭਗਤ ਸਿੰਘ ਸੇਵਾ ਦਲ ਨਾਲ ਜੁੜ ਕੇ ਵੱਖ-ਵੱਖ ਮਨੁੱਖਤਾਵਾਦੀ ਅਤੇ ਸਮਾਜ ਸੇਵੀ ਕਾਰਜਾਂ ਵਿੱਚ ਸਰਗਰਮ ਯੋਗਦਾਨ ਪਾਉਂਦੇ ਆ ਰਹੇ ਹਨ। ਆਪਣੀਆਂ ਸੇਵਾਵਾਂ ਅਤੇ ਲੋਕਾਂ ਨਾਲ ਨਿਰੰਤਰ ਜੁੜੇ ਰਹਿਣ ਕਰਕੇ ਉਹ ਇਲਾਕੇ ਵਿੱਚ ਹਰਮਨ ਪਿਆਰੇ ਹਨ। ਨਵੀਂ ਜ਼ਿੰਮੇਵਾਰੀ ਮਿਲਣ 'ਤੇ ਜਤਿੰਦਰ ਸਿੰਘ ਸੋਨੂੰ ਨੇ ਪਾਰਟੀ ਦੀ ਸਮੁੱਚੀ ਲੀਡਰਸ਼ਿਪ, ਵਿਸ਼ੇਸ਼ ਕਰਕੇ ਬਲਵਿੰਦਰ ਸਿੰਘ ਭੁੰਦੜ ਅਤੇ ਪਰਮਜੀਤ ਸਿੰਘ ਸਰਨਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਇਸ ਭਰੋਸੇ ਨੂੰ ਆਪਣੀ ਮਿਹਨਤ, ਵਫ਼ਾਦਾਰੀ ਅਤੇ ਨਤੀਜਾਮੁਖੀ ਕਾਰਗੁਜ਼ਾਰੀ ਨਾਲ ਕਾਇਮ ਰੱਖਣਗੇ। ਉਨ੍ਹਾਂ ਕਿਹਾ ਕਿ ਇਹ ਅਹੁਦਾ ਉਨ੍ਹਾਂ ਲਈ ਸਿਰਫ਼ ਸਨਮਾਨ ਨਹੀਂ, ਸਗੋਂ ਪੰਥ, ਪਾਰਟੀ ਅਤੇ ਸਿੱਖ ਸੰਗਤ ਪ੍ਰਤੀ ਹੋਰ ਵੱਡੀ ਜ਼ਿੰਮੇਵਾਰੀ ਹੈ। ਉਹ ਦਿੱਲੀ ਵਿੱਚ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ, ਸਿੱਖ ਮਸਲਿਆਂ ਦੀ ਦ੍ਰਿੜਤਾ ਨਾਲ ਪੈਰਵੀ ਕਰਨ ਅਤੇ ਗੁਰਦੁਆਰਾ ਪ੍ਰਬੰਧਾਂ ਨੂੰ ਸੰਗਤ ਦੀਆਂ ਆਸਾਂ ਅਨੁਸਾਰ ਚਲਾਉਣ ਲਈ ਪੂਰੀ ਤਾਕਤ ਨਾਲ ਕੰਮ ਕਰਨਗੇ। ਉਨ੍ਹਾਂ ਕਿਹਾ ਕਿ ਉਹ ਅਹੁਦੇ ਦੀ ਮਰਿਆਦਾ ਨੂੰ ਬਿਆਨਾਂ ਨਾਲ ਨਹੀਂ, ਸਗੋਂ ਆਪਣੇ ਕੰਮ ਅਤੇ ਲੋਕਾਂ ਦੀ ਸੇਵਾ ਰਾਹੀਂ ਸਾਬਤ ਕਰਨਗੇ।

ਬਲਵਿੰਦਰ ਸਿੰਘ ਭੁੰਦੜ ਅਤੇ ਪਰਮਜੀਤ ਸਿੰਘ ਸਰਨਾ ਨੇ ਸੌਂਪੀ ਨਵੀਂ ਜ਼ਿੰਮੇਵਾਰੀ, ਸੋਨੂੰ ਨੇ ਪਾਰਟੀ ਲੀਡਰਸ਼ਿਪ ਦਾ ਕੀਤਾ ਧੰਨਵਾਦ

ਆਖ਼ਰ ਇਹ ਕਿਹੋ ਜਿਹਾ ਚੰਦ ਚੜ੍ਹਾਇਆ ਹੈ ਇੰਨਾ ਅਕਾਲੀ ਦਲ ਵਾਲਿਆਂ ਨੇ ? ਇਨ੍ਹਾਂ ਨੂੰ ਸ਼ਰਮ ਆਉਣੀ ਚਾਹੀਦੀ ਹੈ !



ਇਤਿਹਾਸ ਗਵਾਹ ਹੈ ਕਿ ਜਦੋਂ ਅੰਗਰੇਜ਼ ਹਾਕਮਾਂ ਦੇ ਦੌਰ ਵਿੱਚ ਪੰਜਾਬ ਦੇ ਹਿੱਤਾਂ ਅਤੇ ਪੰਜਾਬ ਦੀ ਏਕਤਾ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ, ਤਾਂ ਮੌਕਾਪ੍ਰਸਤ ਰਾਜਨੀਤੀ ਨੇ ਵੀ ਆਪਣਾ ਪੂਰਾ ਜ਼ੋਰ ਲਾਇਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਇਤਿਹਾਸਕ ਪੰਜਾਬ ਰਾਜ (ਮਹਾਰਾਜਾ ਰਣਜੀਤ ਸਿੰਘ ਵਾਲਾ)ਨੂੰ ਵੰਡ ਕੇ ਅੱਜ ਦੇ ਛੋਟੇ ਜਿਹੇ ਪੰਜਾਬੀ ਸੂਬੇ ਤੱਕ ਸੀਮਤ ਕਰ ਦਿੱਤਾ ਗਿਆ।

ਅੱਜ ਪੰਜਾਬ ਨਸ਼ਿਆਂ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਅਤੇ ਕਾਨੂੰਨ ਵਿਵਸਥਾ ਦੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ। ਨਸ਼ਿਆਂ ਕਾਰਨ ਜਿਨ੍ਹਾਂ ਮਾਵਾਂ ਦੇ ਜਵਾਨ ਪੁੱਤਰਾਂ ਦੀਆਂ ਅਰਥੀਆਂ ਉੱਠ ਰਹੀਆਂ ਹਨ, ਉਨ੍ਹਾਂ ਦੇ ਦਰਦ ਨੂੰ ਕੌਣ ਸਮਝੇਗਾ ? ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਭਵਿੱਖ ਬਰਬਾਦ ਕਰਨ ਵਾਲੇ ਨਸ਼ਾ ਤਸਕਰਾਂ ਅਤੇ ਉਨ੍ਹਾਂ ਨੂੰ ਸਰਪ੍ਰਸਤੀ ਦੇਣ ਵਾਲੀਆਂ ਤਾਕਤਾਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਹੁਣ ਪੰਜਾਬ ਦੇ ਲੋਕਾਂ ਨੂੰ ਜਾਗਣਾ ਪਵੇਗਾ। ਜਾਤ-ਪਾਤ, ਧਰਮ ਅਤੇ ਨਿੱਜੀ ਲਾਲਚ ਤੋਂ ਉੱਪਰ ਉੱਠ ਕੇ ਆਪਣੇ ਬੱਚਿਆਂ ਦੇ ਭਵਿੱਖ, ਪੰਜਾਬ ਦੀ ਖੁਸ਼ਹਾਲੀ ਅਤੇ ਲੋਕਤੰਤਰ ਦੀ ਰਾਖੀ ਲਈ ਇਕਜੁੱਟ ਹੋਣਾ ਪਵੇਗਾ। ਯਾਦ ਰੱਖਿਓ ! ਲੋਕਾਂ ਦੀ ਤਾਕਤ ਤੋਂ ਵੱਡੀ ਕੋਈ ਤਾਕਤ ਨਹੀਂ। ਜਿਹੜੇ ਹਾਕਮ ਲੋਕਾਂ ਦੀਆਂ ਭਾਵਨਾਵਾਂ ਅਤੇ ਸੰਵਿਧਾਨਕ ਹੱਕਾਂ ਨੂੰ ਅਣਡਿੱਠਾ ਕਰਦੇ ਹਨ, ਉਨ੍ਹਾਂ ਨੂੰ ਲੋਕਤੰਤਰੀ ਢੰਗ ਨਾਲ ਸੱਤਾ ਤੋਂ ਬਾਹਰ ਕਰਨ ਦਾ ਅਧਿਕਾਰ ਲੋਕਾਂ ਕੋਲ ਹੈ। 2027 ਦੀਆਂ ਚੋਣਾਂ ਪੰਜਾਬ ਦੇ ਭਵਿੱਖ ਦਾ ਫ਼ੈਸਲਾ ਕਰਨਗੀਆਂ। ਹੁਣ ਸਮਾਂ ਹੈ ਕਿ ਪੰਜਾਬ ਦੇ ਲੋਕ ਆਪਣੀ ਵੋਟ ਦੀ ਤਾਕਤ ਨਾਲ ਬਦਲਾਅ ਲਿਆਉਣ। ਜੈ ਭੀਮ ! ਨਮੋ ਬੁੱਧਾਏ !

ਜੈ ਭਾਰਤੀ ਸੰਵਿਧਾਨ ! ਜੈ ਮੂਲਨਿਵਾਸੀ !

-ਡਾਕਟਰ ਜਗਜੀਵਨ ਸਿੰਘ ਸ਼ੇਰਪੁਰ
ਇੰਚਾਰਜ ਬਸਪਾ ਜ਼ਿਲ੍ਹਾ ਬਰਨਾਲਾ, ਪੰਜਾਬ।

ਪਾਉਂਟਾ ਸਾਹਿਬ ਤੋਂ ਸੋਲਨ ਗਏ ਜਸ਼ਨਦੀਪ ਸਿੰਘ ਨੂੰ ਕੱਕਾਰਾਂ ਕਾਰਨ ਪਟਵਾਰੀ ਦੀ ਪ੍ਰੀਖਿਆ ਤੋਂ ਰੋਕਣਾ ਸਿੱਖੀ ਦੀ ਪਹਿਚਾਣ 'ਤੇ ਹਮਲਾ : ਸ਼ਮਸ਼ੇਰ ਸਿੰਘ ਪੱਧਰੀ

ਸਿੱਖੀ ਕੱਕਾਰਾਂ ਦੀ ਬੇਅਦਬੀ ਕਦਾਚਿਤ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ



ਪ੍ਰੀਖਿਆ ਕੇਂਦਰ ਚ ਨੌਜਵਾਨ ਨੂੰ ਨਹੀਂ ਜਾਣ ਦਿੱਤਾ ਅੰਦਰ

ਅੰਮ੍ਰਿਤਸਰ 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਅਕਾਲੀ ਦਲ ਵਾਰਿਸ ਪੰਜਾਬ ਦੇ ਸਟੇਟ ਮੀਡੀਆ ਇੰਚਾਰਜ ਅਤੇ ਅੰਮ੍ਰਿਤਸਰ ਪੂਰਬੀ ਤੋਂ ਹਲਕਾ ਇੰਚਾਰਜ ਭਾਈ ਸ਼ਮਸ਼ੇਰ ਸਿੰਘ ਪੱਧਰੀ ਨੇ ਪਾਉਂਟਾ ਸਾਹਿਬ ਤੋਂ ਸੋਲਨ ਪਟਵਾਰੀ ਦੀ ਪ੍ਰੀਖਿਆ ਦੇਣ ਗਏ ਅੰਮ੍ਰਿਤਧਾਰੀ ਸਿੱਖ ਨੌਜਵਾਨ ਜਸ਼ਨਦੀਪ ਸਿੰਘ ਨੂੰ ਕੜਾ ਅਤੇ ਕਿਰਪਾਨ ਪਹਿਨਣ ਕਾਰਨ ਪ੍ਰੀਖਿਆ ਦੇਣ ਤੋਂ ਰੋਕੇ ਜਾਣ ਦੀ ਘਟਨਾ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਕਿ ਸਿੱਖੀ ਦੇ ਕੱਕਾਰ ਕੋਈ ਆਮ ਵਸਤੂ ਜਾਂ ਪਹਿਰਾਵਾ ਨਹੀਂ, ਸਗੋਂ ਸਿੱਖ ਦੀ ਧਾਰਮਿਕ ਪਹਿਚਾਣ, ਆਸਥਾ ਅਤੇ ਜੀਵਨ-ਜਾਚ ਦਾ ਅਟੁੱਟ ਹਿੱਸਾ ਹਨ। ਉਨ੍ਹਾਂ ਕਿਹਾ ਕਿ ਜਸ਼ਨਦੀਪ ਸਿੰਘ ਨੂੰ ਆਪਣੇ ਧਾਰਮਿਕ ਕੱਕਾਰਾਂ ਕਾਰਨ ਪ੍ਰੀਖਿਆ ਦੇ ਅਧਿਕਾਰ ਤੋਂ ਵਾਂਝਾ ਕਰਨਾ ਬੇਹੱਦ ਅਪਮਾਨਜਨਕ ਅਤੇ ਚਿੰਤਾਜਨਕ ਹੈ। ਸਿੱਖਾਂ ਦੀ ਧਾਰਮਿਕ ਪਹਿਚਾਣ ਨੂੰ ਵਾਰ-ਵਾਰ ਨਿਸ਼ਾਨਾ ਬਣਾਉਣ ਵਾਲੀਆਂ ਅਜਿਹੀਆਂ ਘਟਨਾਵਾਂ ਦੀ ਜਿੰਨੀ ਨਿੰਦਾ ਕੀਤੀ ਜਾਵੇ, ਥੋੜ੍ਹੀ ਹੈ। ਸ਼ਮਸ਼ੇਰ ਸਿੰਘ ਪੱਧਰੀ ਨੇ ਕਿਹਾ ਕਿ ਜਿਹੜੇ ਅਧਿਕਾਰੀ ਜਾਂ ਪ੍ਰਬੰਧਕ ਸਿੱਖੀ ਕੱਕਾਰਾਂ ਨੂੰ ਲੈ ਕੇ ਇਸ ਤਰ੍ਹਾਂ ਦਾ ਰਵੱਈਆ ਅਪਣਾਉਂਦੇ ਹਨ, ਉਨ੍ਹਾਂ ਨੂੰ ਸਮਝਣਾਂ ਚਾਹੀਦਾ ਹੈ ਕਿ ਸਿੱਖ ਆਪਣੇ ਧਾਰਮਿਕ ਚਿੰਨ੍ਹਾਂ ਅਤੇ ਪਹਿਚਾਣ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਨਹੀਂ ਕਰ ਸਕਦਾ। ਉਨ੍ਹਾਂ ਕਿਹਾ ਕਿ ਸਿੱਖ ਕਿਸੇ ਹੋਰ ਧਰਮ ਜਾਂ ਜਾਤੀ ਦਾ ਅਪਮਾਨ ਨਹੀਂ ਕਰਦਾ ਅਤੇ ਸਾਰੇ ਧਰਮਾਂ ਦਾ ਸਤਿਕਾਰ ਕਰਦਾ ਹੈ, ਪਰ ਆਪਣੇ ਧਰਮ ਦੀ ਪਹਿਚਾਣ ਅਤੇ ਮਾਣ-ਸਨਮਾਨ ਦੀ ਰਾਖੀ ਕਰਨਾਂ ਵੀ ਹਰ ਸਿੱਖ ਦਾ ਹੱਕ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ, ਸਰਹੱਦਾਂ ਦੀ ਰੱਖਿਆ ਅਤੇ ਦੇਸ਼ ਦੀ ਤਰੱਕੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ ਹਨ, ਇਸ ਲਈ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਸਿੱਖਾਂ ਦੀ ਧਾਰਮਿਕ ਪਹਿਚਾਣ ਨਾਲ ਅਜਿਹਾ ਵਿਹਾਰ ਬੇਹੱਦ ਸ਼ਰਮਨਾਕ ਹੈ। ਉਨ੍ਹਾਂ ਕੇਂਦਰ ਸਰਕਾਰ, ਗ੍ਰਹਿ ਮੰਤਰਾਲੇ, ਸਬੰਧਤ ਸੂਬਾ ਸਰਕਾਰ ਅਤੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਿੱਖਾਂ ਦੇ ਪੰਜ ਕਕਾਰਾਂ ਸਬੰਧੀ ਧਾਰਮਿਕ ਅਧਿਕਾਰਾਂ ਦਾ ਸਨਮਾਨ ਯਕੀਨੀ ਬਣਾਉਣ ਲਈ ਸਪੱਸ਼ਟ ਹਦਾਇਤਾਂ ਜਾਰੀ ਕੀਤੀਆਂ ਜਾਣ। ਉਨ੍ਹਾਂ ਜਸ਼ਨਦੀਪ ਸਿੰਘ ਨਾਲ ਵਾਪਰੀ ਘਟਨਾ ਦੀ ਨਿਰਪੱਖ ਜਾਂਚ, ਜ਼ਿੰਮੇਵਾਰ ਅਧਿਕਾਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਅਤੇ ਨੌਜਵਾਨ ਨੂੰ ਮੁੜ ਪ੍ਰੀਖਿਆ ਦੇਣ ਦਾ ਮੌਕਾ ਦੇਣ ਦੀ ਮੰਗ ਕੀਤੀ। ਸ਼ਮਸ਼ੇਰ ਸਿੰਘ ਪੱਧਰੀ ਨੇ ਸਪੱਸ਼ਟ ਕੀਤਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਸਿੱਖਾਂ ਦੀ ਧਾਰਮਿਕ ਪਹਿਚਾਣ, ਮਾਣ-ਸਨਮਾਨ ਅਤੇ ਹੱਕਾਂ ਨਾਲ ਹੋਣ ਵਾਲੀ ਕਿਸੇ ਵੀ ਧੱਕੇਸ਼ਾਹੀ ਨੂੰ ਚੁੱਪਚਾਪ ਸਹਿਣ ਨਹੀਂ ਕਰੇਗਾ ਅਤੇ ਜਸ਼ਨਦੀਪ ਸਿੰਘ ਦੇ ਹੱਕ ਵਿੱਚ ਹਰ ਪੱਧਰ 'ਤੇ ਆਵਾਜ਼ ਬੁਲੰਦ ਕੀਤੀ ਜਾਵੇਗੀ।

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ AWAZE QAUM International Newspaper & WEB TV
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਅਕਾਲ ਯੂਨੀਵਰਸਿਟੀ ਵਿੱਚ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ

ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਇਆ ਇਕ-ਰੋਜ਼ਾ ਸੈਮੀਨਾਰ



ਤਲਵੰਡੀ ਸਾਬੋ, 27 ਨਵੰਬਰ (ਗੁਰਜੰਟ ਸਿੰਘ ਨਥੇਹਾ)– ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁਖ ਰੱਖਦਿਆਂ ਯੂਨੀਵਰਸਿਟੀ ਵਿੱਚ ਚਲ ਰਹੀਆਂ ਵੱਖ-ਵੱਖ ਗਤੀਵਿਧੀਆਂ ਦੇ ਅੰਤਰਗਤ 'ਸ੍ਰੀ ਗੁਰੂ ਨਾਨਕ ਦੇਵ ਜੀ: ਜੀਵਨ, ਬਾਣੀ ਅਤੇ ਸਿੱਖਿਆਵਾਂ' ਵਿਸ਼ੇ ਉਪਰ ਇਕ-ਰੋਜ਼ਾ ਸੈਮੀਨਾਰ ਕਰਵਾਇਆ ਗਿਆ। ਇਸ ਸੈਮੀਨਾਰ ਦਾ ਸਫ਼ਲ ਆਯੋਜਨ ਡੀਨ ਵਿਦਿਆਰਥੀ ਭਲਾਈ ਦੁਆਰਾ ਕੀਤਾ ਗਿਆ ਅਤੇ ਮੰਚ ਸੰਚਾਲਨ ਦੀ ਭੂਮਿਕਾ ਡਾ. ਹਰਜਿੰਦਰ ਸਿੰਘ ਦੁਆਰਾ ਨਿਭਾਈ ਗਈ। ਸੈਮੀਨਾਰ ਵਿਚ ਯੂਨੀਵਰਸਿਟੀ ਦੇ ਮਾਣਯੋਗ ਵਾਈਸ ਚਾਂਸਲਰ ਪ੍ਰੋ. ਗੁਰਮੇਲ ਸਿੰਘ, ਪ੍ਰੋ. ਸੁਖਜੀਤ ਸਿੰਘ ਡਾਇਰੈਕਟਰ ਆਈ. ਕਿਊ. ਏ. ਸੀ, ਵੱਖ-ਵੱਖ ਵਿਭਾਗਾਂ ਦੇ ਅਧਿਆਪਕ ਸਾਹਿਬਾਨਾਂ ਅਤੇ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ। ਸੈਮੀਨਾਰ ਦੇ ਆਰੰਭ ਵਿਚ ਹਾਜ਼ਰੀਨ ਦਾ ਰਸਮੀ ਤੌਰ 'ਤੇ ਸਵਾਗਤ ਡਾ. ਗੁਰਜੀਤ ਸਿੰਘ ਮੁਖੀ ਪੰਜਾਬੀ ਵਿਭਾਗ ਨੇ ਕੀਤਾ। ਉਪਰੰਤ ਮਾਣਯੋਗ ਵਾਈਸ ਚਾਂਸਲਰ ਸਰ ਨੇ ਸੈਮੀਨਾਰ ਹਾਲ ਵਿਚ ਹਾਜ਼ਰ ਸ਼ੋਤਿਆਂ ਨੂੰ ਸੰਬੋਧਿਤ ਹੁੰਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਜੀਵਨ ਸਾਖੀਆਂ ਤੋਂ ਸੇਧ ਲੈਣ ਇਨ੍ਹਾਂ ਨੂੰ ਆਪਣੇ ਜੀਵਨ-ਵਿਹਾਰ ਵਿਚ ਲਾਗੂ ਕਰਨ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਸੈਮੀਨਾਰ ਵਿਚ ਪੰਜਾਬੀ ਵਿਭਾਗ ਦੇ ਪ੍ਰੋਫੈਸਰ ਸਾਹਿਬਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਜੀਵਨ-ਦਰਸ਼ਨ ਅਤੇ ਸਾਹਿਤ-ਦਰਸ਼ਨ ਉਪਰ ਆਪਣੇ ਪਰਚੇ ਪੜ੍ਹੇ। ਸ. ਅਕਾਸ਼ਬੀਰ ਸਿੰਘ ਵੱਲੋਂ "ਕਿਵ ਸਚਿਆਰਾ ਹੋਈਐ" ਵਿਸ਼ੇ ਉਪਰ ਸਾਂਝ ਪਾਈ ਗਈ, ਸ. ਮਨਿੰਦਰ ਸਿੰਘ ਨੇ "ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਦਾ ਦਾਰਸ਼ਨਿਕ ਪੱਖ" ਸਾਂਝਾ ਕੀਤਾ ਅਤੇ ਡਾ. ਅਮਨਦੀਪ ਕੌਰ ਨੇ "ਚੜਿਆ ਸੋਧਣ ਧਰਤਿ ਲੋਕਾਈ (ਗੁਰਮਤਿ ਦੇ ਪਰਿਪੇਖ ਵਿਚ "ਸੋਧਣ" ਦਾ ਵਿਹਾਰਕ ਮਾਡਲ)" ਵਿਸ਼ੇ ਉੱਤੇ ਵਿਚਾਰ ਪੇਸ਼ ਕੀਤੇ। ਇਨ੍ਹਾਂ ਸਾਰੇ ਬੁਲਾਰਿਆਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ, ਬਾਣੀ ਅਤੇ ਵਿਚਾਰਧਾਰਾ ਬਾਰੇ ਵਿਭਿੰਨ ਨੁਕਤਿਆਂ ਤੋਂ ਗੱਲ ਕੀਤੀ। ਜਿਥੇ ਸ. ਅਕਾਸ਼ਬੀਰ ਸਿੰਘ ਨੇ ਜਪੁਜੀ ਸਾਹਿਬ ਦੇ ਹਵਾਲੇ ਨਾਲ ਵਿਦਿਆਰਥੀਆਂ ਨੂੰ ਜੀਵਨ ਵਿੱਚ ਸੱਚੇ ਮਾਰਗ ਤੇ ਚੱਲਣ ਅਤੇ ਗੁਰਸਿੱਖੀ ਜੀਵਨ ਜਾਂਚ ਨੂੰ ਜੀਵਨ ਵਿੱਚ ਧਾਰਨ ਕਰਨ ਲਈ ਪ੍ਰੇਰਦਿਆਂ ਸਚਿਆਰ ਦੇ ਅਰਥ ਸਪਸ਼ਟ ਕੀਤੇ ਉਥੇ ਸ. ਮਨਿੰਦਰ ਸਿੰਘ ਦੁਆਰਾ ਜਨਮਸਾਖੀਆਂ ਦੇ ਮਹੱਤਵ ਨੂੰ ਸਥਾਪਿਤ ਕਰਦਿਆਂ, ਇਨ੍ਹਾਂ ਵਿੱਚ ਪ੍ਰਾਪਤ ਹੁੰਦੀਆਂ ਮਹੱਤਵਪੂਰਨ ਘਟਨਾਵਾਂ ਦੇ ਜ਼ਰੀਏ ਮਨੁੱਖ ਨੂੰ ਚੰਗੇ ਅਤੇ ਮਾੜੇ ਵਿੱਚ ਅੰਤਰ ਕਰਨ ਅਤੇ ਗੁਰੂ ਸਾਹਿਬ ਦੁਆਰਾ ਪ੍ਰਤੀਕਾਤਮਕ ਰੂਪ ਵਿੱਚ ਪ੍ਰਦਾਨ ਕੀਤੀਆਂ ਸਿੱਖਿਆਵਾਂ ਨੂੰ ਜੀਵਨ ਵਿੱਚ ਅਪਨਾਉਣ ਉੱਪਰ ਜ਼ੋਰ ਦਿੱਤਾ। ਡਾ. ਅਮਨਦੀਪ ਕੌਰ ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੇ ਹਵਾਲੇ ਨਾਲ ਸ੍ਰੀ ਗੁਰੂ ਨਾਨਕ ਦੇਵ ਦੁਆਰਾ ਜਗਤ ਦੀ ਭਲਾਈ ਵਾਸਤੇ ਕੀਤੀਆਂ ਉਦਾਸੀਆਂ ਦੇ ਵਿਹਾਰਕ ਮਹੱਤਵ ਦੀ ਗੱਲ ਕੀਤੀ। ਉਨ੍ਹਾਂ ਅਨੁਸਾਰ ਇਹ ਕੇਵਲ ਯਾਤਰਾਵਾਂ ਨਹੀਂ ਸਨ ਸਗੋਂ ਅਜਿਹਾ ਮਿਸ਼ਨਰੀ ਕਾਰਜ ਸੀ ਜਿਸ ਬਾਰੇ ਸੰਕੇਤ ਭਾਈ ਗੁਰਦਾਸ ਜੀ ਦੀ ਵਾਰ ਵਿੱਚ ਪ੍ਰਾਪਤ ਹੁੰਦਾ ਹੈ। ਇਸ ਸੈਮੀਨਾਰ ਵਿਚ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਹਾਜ਼ਰੀ ਭਰੀ ਅਤੇ ਅੰਤ ਵਿੱਚ ਵਿਭਾਗ-ਮੁਖੀ ਦੁਆਰਾ ਧੰਨਵਾਦ ਦਾ ਪ੍ਰਸਤਾਵ ਰੱਖਿਆ ਗਿਆ।

आवाज़ि कौम AWAZE QAUM International Newspaper & WEB TV

ਨਵੀਂ ਹੱਦਬੰਦੀ ਨਾਲ ਪੰਜਾਬ ਦੇ ਸਿਆਸੀ ਅਧਿਕਾਰ ਹੋ ਸਕਦੇ ਹਨ ਪ੍ਰਭਾਵਿਤ - ਸ. ਰਵੀਇੰਦਰ ਸਿੰਘ

ਇਸ ਨੂੰ ਪਾਸ ਹੋ ਚੁੱਕੇ 'ਔਰਤ ਰਾਖਵਾਂਕਰਨ ਕਾਨੂੰਨ' ਨਾਲ ਜੋੜਨਾ ਬੇਮਤਲਬ

ਚੰਡੀਗੜ੍ਹ, 27 ਨਵੰਬਰ: ਪ੍ਰਸਿੱਧ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਅਕਾਲੀਦਲ ਪੁਨਰ ਸੁਰਜੀਤ ਦੇ ਸਰਪ੍ਰਸਤ ਸ ਰਵੀਇੰਦਰ ਸਿੰਘ ਨੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਹੱਦਬੰਦੀ (Delimitation) ਦੇ ਮੁੱਦੇ 'ਤੇ ਅਪਣਾਈ ਜਾ ਰਹੀ ਨੀਤੀ ਬਾਰੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਭਾਜਪਾ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਸਪੱਸ਼ਟ ਕਰਨਾ ਚਾਹੀਦਾ ਹੈ ਕਿ ਉਹ ਪੰਜਾਬ ਦੇ ਹਿੱਤਾਂ, ਸੰਘੀ ਅਧਿਕਾਰਾਂ ਅਤੇ ਰਾਜਨੀਤਕ ਨੁਮਾਇੰਦਗੀ ਦੀ ਰਾਖੀ ਲਈ ਵਚਨਬੱਧ ਹੈ ਜਾਂ ਨਹੀਂ। ਉਨ੍ਹਾਂ ਕਿਹਾ ਕਿ ਭਾਜਪਾ ਨਾਲ ਸਿਆਸੀ ਗੱਠਜੋੜ ਕਰਨ ਵਾਲੇ ਅਕਾਲੀ ਦਲ ਬਾਦਲ ਨੂੰ ਵੀ ਸਭ ਤੋਂ ਪਹਿਲਾਂ ਇਹ ਜਵਾਬ ਦੇਣਾ ਚਾਹੀਦਾ ਹੈ ਕਿ ਕੀ ਉਸ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੇ ਹਿੱਤਾਂ ਦੀ ਸੁਰੱਖਿਆ ਸਬੰਧੀ ਕੋਈ ਲਿਖਤੀ ਭਰੋਸਾ ਲਿਆ ਹੈ? ਜੇਕਰ ਅਜਿਹਾ ਕੋਈ ਸਮਝੌਤਾ ਹੋਇਆ ਹੈ ਤਾਂ ਉਸ ਨੂੰ ਪੰਜਾਬ ਦੇ ਲੋਕਾਂ ਸਾਹਮਣੇ ਜਨਤਕ ਕੀਤਾ ਜਾਵੇ, ਕਿਉਂਕਿ ਸਿਰਫ਼ ਸਿਆਸੀ ਸਟੇਜਾਂ ਤੋਂ ਦਿੱਤੇ ਗਏ ਜ਼ੁਬਾਨੀ ਭਰੋਸੇ ਪੰਜਾਬ ਦੇ ਭਵਿੱਖ ਦੀ ਸੁਰੱਖਿਆ ਲਈ ਕਾਫ਼ੀ ਨਹੀਂ ਹਨ। ਸ. ਰਵੀਇੰਦਰ ਸਿੰਘ ਨੇ ਜ਼ੋਰ ਦੇ ਕੇ ਕਿਹਾ ਕਿ ਹੱਦਬੰਦੀ ਸਿਰਫ਼ ਚੋਣ ਹਲਕਿਆਂ ਦੀ ਗਿਣਤੀ ਦਾ ਮਾਮਲਾ ਨਹੀਂ ਹੈ, ਸਗੋਂ ਇਹ ਪੰਜਾਬ ਦੀ ਭਵਿੱਖੀ ਰਾਜਨੀਤਕ ਤਾਕਤ, ਸੰਸਦੀ ਨੁਮਾਇੰਦਗੀ ਅਤੇ ਦੇਸ਼ ਦੇ ਸੰਘੀ ਢਾਂਚੇ ਵਿੱਚ ਸੂਬੇ ਦੀ ਆਵਾਜ਼ ਨਾਲ ਜੁੜਿਆ ਬੇਹੱਦ ਸੰਵੇਦਨਸ਼ੀਲ ਮਸਲਾ ਹੈ। ਪੰਜਾਬ ਨੇ ਦੇਸ਼ ਦੀ ਸੁਰੱਖਿਆ, ਅਨਾਜ ਭੰਡਾਰ ਭਰਨ ਅਤੇ ਕੌਮੀ ਏਕਤਾ ਲਈ ਇਤਿਹਾਸਕ ਕੁਰਬਾਨੀਆਂ ਦਿੱਤੀਆਂ ਹਨ। ਇਸ ਲਈ ਪੰਜਾਬ ਦੀ ਰਾਜਨੀਤਕ ਨੁਮਾਇੰਦਗੀ ਨੂੰ ਕਿਸੇ ਵੀ ਕੀਮਤ 'ਤੇ ਕਮਜ਼ੋਰ ਨਹੀਂ ਹੋਣ ਦਿੱਤਾ ਜਾਣਾ ਚਾਹੀਦਾ। ਉਨ੍ਹਾਂ ਕੇਂਦਰ ਸਰਕਾਰ ਨੂੰ ਸਿੱਧਾ ਸਵਾਲ ਕਰਦਿਆਂ ਕਿਹਾ ਕਿ ਜੇਕਰ ਆਬਾਦੀ ਦੇ ਆਧਾਰ 'ਤੇ ਹੱਦਬੰਦੀ ਦੀ ਪ੍ਰਕਿਰਿਆ ਅੱਗੇ ਵਧਾਈ ਜਾਂਦੀ ਹੈ, ਤਾਂ ਕੀ ਪੰਜਾਬ ਵਰਗੇ ਸੂਬੇ, ਜਿਨ੍ਹਾਂ ਨੇ ਕੌਮੀ ਨੀਤੀਆਂ ਅਨੁਸਾਰ ਆਬਾਦੀ ਕੰਟਰੋਲ ਕਰਨ ਵਿੱਚ ਅਹਿਮ ਯੋਗਦਾਨ ਪਾਇਆ ਹੈ, ਉਨ੍ਹਾਂ ਦੀ ਸੰਸਦੀ ਨੁਮਾਇੰਦਗੀ ਘਟ ਨਹੀਂ ਜਾਵੇਗੀ? ਕੀ ਭਾਜਪਾ ਇਸ ਗੱਲ ਦੀ ਗਾਰੰਟੀ ਦੇ ਸਕਦੀ ਹੈ ਕਿ ਪੰਜਾਬ ਨਾਲ ਕੋਈ ਰਾਜਨੀਤਕ ਜਾਂ ਸੰਵਿਧਾਨਕ ਵਿਤਕਰਾ ਨਹੀਂ ਹੋਵੇਗਾ? ਉਨ੍ਹਾਂ ਕਿਹਾ ਕਿ ਭਾਜਪਾ ਨੂੰ ਸਿਰਫ਼ ਚੋਣ ਗੱਠਜੋੜਾਂ ਤੱਕ ਸੀਮਤ ਨਾ ਰਹਿ ਕੇ ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕਿਆਂ ਅਤੇ ਸੰਘੀ ਅਧਿਕਾਰਾਂ ਵਰਗੇ ਬੁਨਿਆਦੀ ਮੁੱਦਿਆਂ 'ਤੇ ਵੀ ਆਪਣਾ ਸਟੈਂਡ ਸਪੱਸ਼ਟ ਕਰਨਾ ਚਾਹੀਦਾ ਹੈ।

ਬਿਆਨ ਵਿੱਚ ਅੱਗੇ ਕਿਹਾ ਗਿਆ ਕਿ ਪ੍ਰਧਾਨ ਮੰਤਰੀ ਵੱਲੋਂ ਹੱਦਬੰਦੀ ਦੀ ਪ੍ਰਕਿਰਿਆ ਨੂੰ 'ਨਾਰੀ ਸ਼ਕਤੀ ਵੰਦਨ ਅਧਿਨਿਯਮ' (ਔਰਤ ਰਾਖਵਾਂਕਰਨ ਕਾਨੂੰਨ) ਨਾਲ ਜੋੜਨਾ ਇੱਕ ਸਿਆਸੀ ਚਾਲ ਹੈ। ਵਿਰੋਧੀ ਧਿਰ ਨੇ ਸਾਲ 2023 ਵਿੱਚ ਹੀ ਸੰਸਦ ਵਿੱਚ ਇਸ ਬਿੱਲ ਦਾ ਸਮਰਥਨ ਕਰਕੇ ਇਸ ਨੂੰ ਪਾਸ ਕਰਵਾ ਦਿੱਤਾ ਸੀ। ਜ਼ਿਆਦਾਤਰ ਸਿਆਸੀ ਪਾਰਟੀਆਂ ਦੀ ਮੰਗ ਹੈ ਕਿ ਸੰਸਦ ਵੱਲੋਂ ਪਾਸ ਕੀਤੇ ਜਾ ਚੁੱਕੇ ਇਸ ਕਾਨੂੰਨ ਨੂੰ ਤੁਰੰਤ ਲਾਗੂ ਕੀਤਾ ਜਾਵੇ। ਪਰ ਕੇਂਦਰ ਸਰਕਾਰ ਨੇ ਜਾਣਬੁੱਝ ਕੇ ਹੱਦਬੰਦੀ ਦੇ ਵਿਵਾਦਪੂਰਨ ਪ੍ਰਸਤਾਵ ਨੂੰ ਔਰਤਾਂ ਦੇ ਰਾਖਵੇਂਕਰਨ ਨਾਲ ਜੋੜ ਕੇ ਇਸ ਨੂੰ ਲਾਗੂ ਕਰਨ ਵਿੱਚ ਟਾਲ-ਮਟੋਲ ਵਾਲਾ ਰਵੱਈਆ ਅਪਣਾਇਆ ਹੋਇਆ ਹੈ। ਸ. ਰਵੀਇੰਦਰ ਸਿੰਘ ਨੇ ਕਿਹਾ ਕਿ ਸੰਘੀ ਢਾਂਚੇ (Federalism) ਦੀ ਮਜ਼ਬੂਤੀ ਲਈ ਮੋਦੀ ਸਰਕਾਰ ਨੂੰ ਹੱਦਬੰਦੀ ਦੀ ਪ੍ਰਕਿਰਿਆ ਨੂੰ ਔਰਤ ਸਸ਼ਕਤੀਕਰਨ ਕਾਨੂੰਨ ਨਾਲੋਂ ਵੱਖ ਰੱਖਣਾ ਚਾਹੀਦਾ ਹੈ ਅਤੇ ਮੌਜੂਦਾ ਸੰਸਦੀ ਸੀਟਾਂ ਵਿੱਚ ਛੇੜਛਾੜ ਕੀਤੇ ਬਿਨਾਂ 'ਨਾਰੀ ਸ਼ਕਤੀ ਅਧਿਨਿਯਮ' ਨੂੰ ਤੁਰੰਤ ਲਾਗੂ ਕਰਨਾ ਚਾਹੀਦਾ ਹੈ। ਸ. ਰਵੀਇੰਦਰ ਸਿੰਘ ਨੇ ਪੰਜਾਬ ਦੇ ਲੋਕਾਂ ਨੂੰ ਸੁਚੇਤ ਕਰਦਿਆਂ ਕਿਹਾ ਕਿ ਆਉਣ ਵਾਲੀ ਹੱਦਬੰਦੀ ਦੀ ਪ੍ਰਕਿਰਿਆ ਦੌਰਾਨ ਸੂਬੇ ਦੇ ਹਿੱਤਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇ ਅਤੇ ਇਸ ਮੁੱਦੇ 'ਤੇ ਇੱਕਜੁੱਟ ਹੋ ਕੇ ਆਵਾਜ਼ ਉਠਾਈ ਜਾਵੇ। ਉਨ੍ਹਾਂ ਅਕਾਲੀ ਦਲ ਬਾਦਲ ਨੂੰ ਵੀ ਸਵਾਲ ਕੀਤਾ ਕਿ ਉਹ ਸਪੱਸ਼ਟ ਕਰਨ ਕਿ ਸੰਸਦ ਵਿੱਚ ਹੱਦਬੰਦੀ ਨਾਲ ਸਬੰਧਤ ਪ੍ਰਸਤਾਵਾਂ 'ਤੇ ਉਨ੍ਹਾਂ ਦਾ ਕੀ ਰੁਖ਼ ਰਹੇਗਾ—ਕੀ ਉਹ ਇਨ੍ਹਾਂ ਦੀ ਹਮਾਇਤ ਕਰਨਗੇ ਜਾਂ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਕੋਈ ਠੋਸ ਸ਼ਰਤ ਰੱਖਣਗੇ? ਉਨ੍ਹਾਂ ਚੇਤਾਵਨੀ ਦਿੱਤੀ ਕਿ ਪੰਜਾਬ ਦੇ ਹਿੱਤਾਂ ਨੂੰ ਕਿਸੇ ਵੀ ਸਿਆਸੀ ਗੱਠਜੋੜ ਜਾਂ ਸੱਤਾ ਦੀ ਰਾਜਨੀਤੀ ਦੀ ਭੇਟ ਨਹੀਂ ਚੜ੍ਹਨ ਦਿੱਤਾ ਜਾਵੇਗਾ। ਬਿਆਨ ਦੇ ਅਖੀਰ ਵਿੱਚ ਉਨ੍ਹਾਂ ਪੰਜਾਬ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਅਪੀਲ ਕੀਤੀ ਕਿ ਉਹ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹੱਦਬੰਦੀ ਅਤੇ ਪੰਜਾਬ ਦੀ ਸੰਸਦੀ ਨੁਮਾਇੰਦਗੀ ਦੇ ਮੁੱਦੇ 'ਤੇ ਸਾਂਝੀ ਆਵਾਜ਼ ਬੁਲੰਦ ਕਰਨ, ਕਿਉਂਕਿ ਇਹ ਕਿਸੇ ਇੱਕ ਪਾਰਟੀ ਦਾ ਨਹੀਂ, ਸਗੋਂ ਪੂਰੇ ਪੰਜਾਬ ਦੇ ਭਵਿੱਖ ਦਾ ਸਵਾਲ ਹੈ। ਪ੍ਰੈੱਸ ਨੂੰ ਇਹ ਬਿਆਨ ਮੀਡੀਆ ਇੰਚਾਰਜ ਸ ਤੇਜਿੰਦਰ ਸਿੰਘ ਪੰਨੂ ਵੱਲੋਂ ਜਾਰੀ ਕੀਤਾ ਗਿਆ।

आवाज़ि कौम AWAZE QAUM International Newspaper & WEB TV

ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਦੇ ਮਾਤਾ ਬੀਬੀ ਮਲਕੀਤ ਕੌਰ ਦੇ ਅਕਾਲ ਚਲਾਣੇ 'ਤੇ ਐਡਵੋਕੇਟ ਧਾਮੀ ਨੇ ਦੁੱਖ ਪ੍ਰਗਟਾਇਆ

ਨਵੀਂ ਦਿੱਲੀ, 27 ਨਵੰਬਰ (ਆਵਾਜ਼ਿ ਕੌਮ ਬਿਊਰੋ)-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਦੇ ਸਤਿਕਾਰਯੋਗ ਮਾਤਾ ਬੀਬੀ ਮਲਕੀਤ ਕੌਰ ਦੇ ਅਕਾਲ ਚਲਾਣੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਮਾਤਾ ਜੀ ਦਾ ਅਕਾਲ ਚਲਾਣਾ ਪਰਿਵਾਰ ਲਈ ਵੱਡਾ ਘਾਟਾ ਹੈ। ਮਾਂ ਦਾ ਰਿਸ਼ਤਾ ਮਨੁੱਖੀ ਜੀਵਨ 'ਚ ਬੇਹੱਦ ਅਹਿਮ ਤੇ ਸਤਿਕਾਰਯੋਗ ਹੁੰਦਾ ਹੈ ਉਨ੍ਹਾਂ ਇਸ ਦੁੱਖ ਦੀ ਘੜੀ 'ਚ ਗਿਆਨੀ ਪਰਵਿੰਦਰਪਾਲ ਸਿੰਘ ਅਤੇ ਸਮੁੱਚੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ ਅਤੇ ਪਰਿਵਾਰਕ ਮੈਂਬਰਾਂ ਤੇ ਸਨੇਹੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਸ. ਗੁਰਪ੍ਰੀਤ ਸਿੰਘ ਝੱਬਰ, ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਸ. ਸਤਬੀਰ ਸਿੰਘ ਧਾਮੀ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਮੇਜਰ ਸਿੰਘ ਨੇ ਵੀ ਸਿੰਘ ਸਾਹਿਬ ਗਿਆਨੀ ਪਰਵਿੰਦਰਪਾਲ ਸਿੰਘ ਨਾਲ ਹਮਦਰਦੀ ਪ੍ਰਗਟਾਈ।



आवाज़ि कौम AWAZE QAUM International Newspaper & WEB TV

ਵਿਦੇਸ਼ਾਂ ਵਿੱਚ ਸਿੱਖਾਂ ਦੇ ਕਤਲਾਂ ਪਿੱਛੇ ਭਾਰਤੀ ਤੰਤਰ ਦੀ ਭੂਮਿਕਾ ਬਾਰੇ

ਉੱਠੇ ਸਵਾਲਾਂ ਦੀ ਗੂੰਜ ਕੈਨੇਡਾ ਦੀ ਅਦਾਲਤ ਵਿੱਚ ਮੁੜ ਦੇਵੇਗੀ ਸੁਣਾਈ



ਨਵੀਂ ਦਿੱਲੀ 27 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)-ਵਿਦੇਸ਼ਾਂ ਵਿੱਚ ਰਹਿੰਦੇ ਸਿੱਖ ਆਗੂਆਂ ਨੂੰ ਨਿਸ਼ਾਨਾ ਬਣਾਉਣ ਅਤੇ ਉਨ੍ਹਾਂ ਦੇ ਕਤਲਾਂ ਪਿੱਛੇ ਭਾਰਤੀ ਸਰਕਾਰੀ ਤੰਤਰ ਦੀ ਕਥਿਤ ਭੂਮਿਕਾ ਬਾਰੇ ਲੱਗੇ ਦੋਸ਼ ਹੁਣ ਕੌਮਾਂਤਰੀ ਅਦਾਲਤਾਂ ਵਿੱਚ ਗੰਭੀਰ ਕਾਨੂੰਨੀ ਮਾਮਲਿਆਂ ਦਾ ਰੂਪ ਧਾਰ ਰਹੇ ਹਨ। ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਮਾਮਲਾ ਇੱਕ ਵਾਰ ਫਿਰ ਕੈਨੇਡਾ ਦੀ ਨਿਆਂ ਪ੍ਰਣਾਲੀ ਦੇ ਕੇਂਦਰ ਵਿੱਚ ਆਉਣ ਜਾ ਰਿਹਾ ਹੈ। ਭਾਈ ਨਰਿੰਦਰ ਸਿੰਘ ਰੰਧਾਵਾ ਵੱਲੋਂ ਭੇਜੀ ਜਾਣਕਾਰੀ ਅਨੁਸਾਰ, ਇਸ ਮਾਮਲੇ ਵਿੱਚ ਗ੍ਰਿਫ਼ਤਾਰ ਚਾਰ ਭਾਰਤੀ ਨਾਗਰਿਕਾਂ ਕਰਨ ਬਰਾੜ, ਕਮਲਪ੍ਰੀਤ ਸਿੰਘ, ਕਰਨਪ੍ਰੀਤ ਸਿੰਘ ਅਤੇ ਅਮਨਦੀਪ ਸਿੰਘ ਦੀ 1 ਅਤੇ 2 ਦਸੰਬਰ 2026 ਨੂੰ ਸੁਪਰੀਮ ਕੋਰਟ ਨਿਊ ਵੈਸਟਮਿੰਸਟਰ ਵਿਖੇ ਪੇਸ਼ੀ ਹੋਵੇਗੀ। ਇਨ੍ਹਾਂ ਵਿਰੁੱਧ ਪਹਿਲੇ ਦਰਜੇ ਦੇ ਕਤਲ ਅਤੇ ਕਤਲ ਦੀ ਸਾਜ਼ਿਸ਼ ਦੇ ਦੋਸ਼ ਹਨ। ਜ਼ਿਕਰਯੋਗ ਹੈ ਕਿ 18 ਜੂਨ 2023 ਨੂੰ ਸਰੀ ਵਿਖੇ ਗੁਰਦੁਆਰਾ ਸਾਹਿਬ ਦੇ ਬਾਹਰ ਭਾਈ ਨਿੱਝਰ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ ਸੀ। ਇਸ ਕਤਲ ਤੋਂ ਬਾਅਦ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਏਜੰਟਾਂ ਦੀ ਸੰਭਾਵੀ ਸ਼ਮੂਲੀਅਤ ਬਾਰੇ ਗੰਭੀਰ ਦੋਸ਼ ਲਗਾਏ ਸਨ। ਇਸ ਘਟਨਾ ਨੇ ਦੁਨੀਆ ਭਰ ਵਿੱਚ ਵੱਸਦੇ ਸਿੱਖਾਂ ਦੀ ਸੁਰੱਖਿਆ ਅਤੇ ਭਾਰਤੀ ਸਰਕਾਰੀ ਏਜੰਸੀਆਂ ਦੀਆਂ ਕਥਿਤ ਸਰਹੱਦ ਪਾਰ ਗਤੀਵਿਧੀਆਂ ਬਾਰੇ ਵੱਡੇ ਸਵਾਲ

'ਬੇਅਦਬੀ' ਦੇ ਨਾਮ ਹੇਠ

ਸਿੱਖ ਕੌਮ ਦੀ ਦੁਬਿਧਾ



ਪਰਮਿੰਦਰ ਸਿੰਘ ਬੱਲ
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

"ਜੁਗੋ ਜੁਗ ਅਟੱਲ 'ਧੰਨ ਗੁਰੂ ਗ੍ਰੰਥ ਸਾਹਿਬ ' ਜੀ ਦੇ ਸਬੰਧ ਵਿੱਚ ਬੜੇ ਸਾਲਾਂ ਤੋਂ ਬੇਅਦਬੀ ਜਿਹੇ ਘਿਣਾਉਣੇ ਅਪਰਾਧ ਸਾਹਮਣੇ ਆਏ ਹਨ । ਇਹਨਾਂ ਅਪਰਾਧਾਂ ਦੇ ਦੋਸ਼ੀਆਂ ਨੂੰ ਸੰਗਤਾਂ ਸਾਹਮਣੇ , ਰੱਖਣ ਹਿੱਤ ਸਿੱਖ ਪੁਜਾਰੀ ਸ਼੍ਰੇਣੀ ਅੱਤੇ ਕੌਮੀ ਮੁਖੀਆਂ ਨੇ ਕੋਮ ਨੂੰ ਦੁਬਿਧਾ ਵਿੱਚ ਪਾ ਕੇ ,ਖੁਦ ਪੱਲਾ ਝਾੜਨ ਦੀ ਖੁਦ ਅਪਰਾਧਿਕ ਨੀਤੀ ਅਪਣਾਈ ਹੈ ।ਕੁਝ ਅੱਗੇ ਲਿਖਣ ਤੋਂ ਪਹਿਲਾਂ ਖੁਦ ਦੇ ਵਿਚਾਰ ਸਪੱਸ਼ਟ ਕਰ ਦੇਵਾਂ ਕਿ , ਜੋ ਬੇਅਦਬੀ ਕਹੀ ਜਾ ਰਹੀ ਹੈ । ਮੈਂ ਉਸ ਨੂੰ "ਗੁਰੂ" ਦੀ ਬੇਅਦਬੀ ਨਹੀਂ ਮੰਨਦਾ। ਇਸ ਦੇ ਕਈ ਮੁੱਖ ਕਾਰਨ ਹਨ । ਸਿੱਖ "ਗੁਰੂ ਗ੍ਰੰਥ ਸਾਹਿਬ " ਨੂੰ ਇੱਕ ਸਮਰੱਥ ਗੁਰੂ ਤੇ ਸ਼ਬਦ ਗੁਰੂ ਜੋਤ ਦਾ ਸਰੂਪ ਮੰਨਦਾ ਹੈ । ਸਮਰੱਥ ਗੁਰੂ ਦੀ ਕਿਸੇ ਪੱਖੋਂ ਵੀ ਬੇਅਦਬੀ ਮੰਨਣਾ , ਸਿੱਖ ਦੀ ਬੁਜਦਿਲੀ , ਬੇਗੈਰਤੀ , ਬੇਸਮਝੀ , ਅਗਿਆਨਤਾ ਹੈ । ਹੁਣ ਮੇਰੇ ਸਾਹਮਣੇ ਸਵਾਲ ਹੈ ਕਿ ਫਿਰ ਬੇਅਦਬੀ ਕਿਸ ਦੀ ਹੈ ? ਬੇਅਦਬੀਆਂ, ਅਪਰਾਧ , ਪੁੰਨ , ਪਾਪ , ਜੀਵ ਅਥਵਾ ਇਨਸਾਨੀ ਜੀਵਨ ਨਾਲ ਸੰਬੰਧ ਹਨ । ਇਸ ਦਾ ਨਿਬੇੜਾ ਵੀ ਇਨਸਾਨਾਂ ਵਿਚਾਲੇ ਹੀ ਹੁੰਦਾ ਤੇ ਕੀਤਾ ਜਾਂਦਾ ਹੈ ।ਹੁਣ ਇਥੇ ਗੁਰੂ ਨੇ ਸਿਧਾਂਤ ਦੇ ਕੇ ਸਮਝਾਇਆ ਹੈ " ਗੁਰ ਕੀ ਨਿੰਦਾ ਸੁਣੇ ਨਾ ਕਾਨ " । ਬੇਅਦਬੀ ਸਮੱਸਿਆ ਸਿੱਖਾਂ ਦੇ ਜੀਵਨ , ਹੋਂਦ ਤੇ ਸਿੱਧਾ ਵਾਰ ਹੈ , ਪਰ ਸਿੱਖਾਂ ਦੀ ਜੁਮੇਵਾਰ , ਪਰੋਹਤ ਸ਼੍ਰੇਣੀ ਤੇ ਮੁਖੀਆਂ ਨੇ ਆਪਣੀ ਜ਼ੁੰਮੇਵਾਰੀ ਨੂੰ ਖਾਲਸਈ ਰਵਾਇਤਾਂ ਆਧਾਰ ਨਾ ਨਿਭਾਉਣ ਕਰਕੇ , ਗੁਰੂ ਦੇ ਨਾਮ ਦਰਜ ਕਰਕੇ , ਇੱਕ ਗੈਰਜੁਮੇਵਾਰੀ ਕੇ ਖ਼ੁਦ ਦੀ ਚਮੜੀ ਬਚਾਉਣ ਖਾਤਰ ਸਿੱਖਾਂ ਨੂੰ ਗੁਮਰਾਹ ਕੀਤਾ ਹੈ । ਉਲਟਾ "ਸਮਰੱਥ ਗੁਰੂ " ਦੇ ਨਾਮ ਤੇ ਹੋਂਦ ਨੂੰ ਹੀ ਢਾਲ ਬਣਾ ਲਿਆ । ਖੁਦ ਬੇਗੈਰਤੀ ਦਾ ਰੂਪ ਬਣ ਕੇ ਹਰ ਅਪਰਾਧ ਤੇ ਘਟਨਾ ਨੂੰ ਗੁਰੂ ਨਾਮ ਖਾਤੇ ਵਿੱਚ ਦਰਜ ਕਰਨ ਦੀ ਰੀਤ ਬਣਾ ਦਿੱਤੀ ਹੈ । ਸ਼ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ ਅਵਤਾਰ ਸਿੰਘ ਮੱਕੜ ਨੇ ਅਕਾਲ ਚਲਾਣਾ ਕਰਨ ਤੋਂ ਕੁਝ ਹੀ ਦਿਨ ਪਹਲਾਂ ਇਕ ਵੀਡੀਓ ਵਿੱਚ ਬਿਆਨ ਦਰਜ ਕੀਤਾ ਸੀ । ਕਿ ਇਹ ਅਪਰਾਧ "ਸਿਰਸੇ ਵਾਲੇ ਦੇ ਚੋਲੇ ਕਰਦੇ ਰਹੇ , ਪਰ ਅਸੀਂ ਕੁਝ ਨਾ ਕਰ ਸਕੇ ।" ਮਤਲਬ ਸਾਫ ਸੀ ਕਿ ਬੇਅਦਬੀ, ਬੇਅਦਬੀਆਂ , ਸਿੱਖਾਂ ਨੂੰ ਨੀਵਾਂ ਕਰਨ ਤੇ ਸਿੱਖਾਂ ਨੂੰ ਹੀ ਚਿੜਾਉਣ ਲਈ ਸਨ , ਤੇ ਅਵਤਾਰ ਸਿੰਘ ਸ਼ਾਇਦ ਇਹ ਕਹਿਣਾ ਚਾਹੁੰਦੇ ਸਨ ਕਿ , ਸਾਨੂੰ "ਸੁੱਖਾ ਸਿੰਘ, ਮਹਿਤਾਬ ਸਿੰਘ ਬਣਨ ਜਾਂ ਪੈਦਾ ਕਰਨ ਦੀ ਲੋੜ ਹੈ ?ਮੇਰੀ ਸੋਚ ਮੁਤਾਬਿਕ ਸਿੱਖਾਂ ਨੇ ਖੁਦ ਇਸ ਮਾਮਲੇ ਨੂੰ ਆਪਣੀ ਖੁਦ ਦੀ ਬੇਅਦਬੀ ਨਹੀਂ ਮੰਨਿਆ ਅਤੇ ਸਮੱਸਿਆ ਨੂੰ ਪਿੱਠ ਦੇ ਕੇ , ਸੰਗੀਨ ਮਾਮਲੇ ਦਾ ਰੁਖ ਹੀ ਬਦਲ ਦਿੱਤਾ ਹੈ । ਇਹ ਜਾਣਦਿਆਂ ਹੋਇਆਂ ਕਿ ਸਮਰੱਥ ਗੁਰੂ ਦੀ ਬੇਅਦਬੀ ਕਿਵੇਂ ਹੋ ਸਕਦੀ ਹੈ ? ਕਦੀ ਨਹੀਂ ਹੋ ਸਕਦੀ । ਇਸ ਤਰਾਂ ਸਿੱਖਾਂ ਨੇ ਦਸ਼ਮਣਾਂ ਦੀ ਚਾਲ ਨਾ ਸਮਝ ਕੇ ਅਗਿਆਨਤਾ ਤੇ ਬੁਜਦਿਲੀ ਵਿਖਾਈ ਹੈ । ਇਹ ਬੁਜਦਿਲੀ ਦਾ ਮੁੱਖ ਕਾਰਨ ਸਿੱਖਾਂ ਦੀ ਪਰੋਹਿਤ ਸ਼੍ਰੇਣੀ ਤੇ ਮੁਖੀਆਂ ਦੀ ਹੈ । ਸਿੱਖਾਂ ਨੇ ਵੱਡੇ ਵੱਡੇ , ਘਲੂਘਾਰੇ ਸਹੇ , ਗੁਰੂ ਖੁਦ ਤੱਤੀ ਤਵੀ ਤੇ ਬੈਠਾਏ ਗਏ , ਚਾਂਦਨੀ ਚੌਕ ਵਿੱਚ ਬਲੀਦਾਨ ਦਿੱਤੇ । ਕਦੇ ਸਿੱਖਾਂ ਵਿੱਚ ਸਿੱਖਾਂ ਨੇ ਸਮਰੱਥ ਗੁਰੂ ਤੇ ਅਜਿਹਾ ਸ਼ਬਦ ਜਾਂ ਬੋਲੀ ਨਹੀ ਪੈਦਾ ਹੋਣ ਦਿੱਤੀ , ਜਿਸ ਨੂੰ ਗੁਰੂ ਦੀ ਬੇਅਦਬੀ ਕਿਹਾ ਜਾਵੇ । ਇਹ ਮੌਜੂਦਾ ਸਿੱਖਾਂ ਦੀ ਇਸ ਬੇਅਦਬੀ ਦੇ ਕੋਝੇ ਬੋਲ ਨੂੰ ਹੀ ਢਾਲ ਬਣਾ ਕੇ , ਦੁਸ਼ਮਣ ਨਾਲ ਟੱਕਰ ਲੈਣ ਸਮੇਂ , ਅਸਮਰਥ ਹਾਲਾਤ ਵਿੱਚ ਮੈਦਾਨੋਂ ਦੌੜ ਰਹੇ ਹਨ । ਜਦੋਂ ਇਨਸਾਨੀ ਜ਼ਿੰਦਗੀ ਦੇ ਸੰਸਾਰ ਵਿੱਚ , ਦੁਸ਼ਮਣ ਦਾ ਵਾਰ ਹਮੇਸ਼ਾ ਇਨਸਾਨੀ ਜ਼ਿੰਦਗੀ ਤੇ ਹੀ ਵਰ੍ਹਦਾ ਹੈ , ਤਦ ਇਨਸਾਨੀ ਜ਼ਿੰਦਗੀ ਵਿੱਚ ਵਿਚਰਦੇ ਸਿੱਖ , ਸਮੇਂ ਦਾ ਮੁਕਾਬਲਾ ਕਿਉਂ ਨਹੀਂ ਕਰਦੇ । ਕਿਉਂ ਬੇਅਦਬੀ ਦੇ ਮਸਲੇ ਨੂੰ ਆਪਣੇ ਸਿੱਖੀ ਦੀ ਵਿਚਾਰਧਾਰਾ ਆਧਾਰ

ਆਪਣਾ ਜਾਤੀ ਕਿਉਂ ਨਹੀਂ ਗ੍ਰਹਿਣ ਕਰਦੇ ?ਮਸਾ ਰੰਗੜ ਕਾਂਢ ਸਮੇ , ਬਹਾਦਰ ਸਿੱਖਾਂ ਨੇ ਗੁਰੂ ਦੀ ਬੇਅਦਬੀ ਕਹਿ ਕੇ ਅੱਜ ਦੀ ਤਰਾਂ ਨਹੀਂ ਸੋਚਿਆ , ਸਿੱਧਾ , ਗੁਰੂ ਦੇ ਸਿੱਖਾਂ ਦੀ ਹੋਂਦ ਬਣਦਿਆ , ਆਪਣੇ ਖ਼ਿੜੇ ਮੱਥੇ ਕਬੂਲ ਕੀਤਾ ਤੇ ਤਤਪਰ ਸਿੱਟਾ ਕੱਢਿਆ । ਇਤਿਹਾਸ ਦੀ ਅਨੋਖੀ ਸਿਰਜਣਾ ਕੀਤੀ । ਸਹੀ ਅਰਥਾਂ ਵਿੱਚ "ਗੁਰ ਕੀ ਨਿੰਦਾ ਸੁਣੇ ਨਾ ਕਾਨ " ਦੀ ਸਹੀ ਵਿਆਖਿਆ ਕੀਤੀ ।ਮੌਜੂਦਾ ਸਮੇਂ ਸਿੱਖ ਧਰਨਿਆਂ , ਇੱਕ ਦੂਜੇ ਨੂੰ ਮਿਹਣਿਆਂ ਤੇ ਭੱਦੀ ਸ਼ਬਦਾਵਲੀ ਵਿੱਚ ਅਜਿਹਾ ਢੌਂਗੀ ਪੇਸ਼ ਹੋ ਰਿਹਾ ਹੈ , ਕਿ ਨਿਰਸੰਦੇਹ ਇਹ ਸਿੱਖ ਧਰਮ ਦੀ ਇਤਿਹਾਸਕ ਪਹਿਚਾਣ ਤੋਂ ਕਮਅਕਲੀ ਤੇ ਬਹੁਤ ਹੀਣਾ ਸਾਬਤ ਹੋ ਰਿਹਾ ਹੈ ।ਮੂਰਖ ਜਿਹੇ ਜਜ਼ਬਾਤਾਂ ਵਿੱਚ ਸਾਧਾਰਨ ਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਕੁਰਬਾਨੀ ਦੀਆਂ ਲਾਸ਼ਾਂ ਤੇ ਕੋਝੀ ਸਿਆਸਤ ਕਰਨ ਦੇ ਚੱਕਰ ਵਿਉ ਵਿਚ ਗੁਆਚ ਚੁੱਕਾ ਹੈ ।ਪਰਵਿੰਦਰ ਝੋਟੇ ਦੇ ਕਤਲ ਨੂੰ ਹੁੰਦਿਆਂ ਵੇਖ ਰਹੇ ਲੋਕ, ਇਹ ਅਹਿਸਾਸ ਨਹੀ ਕਰ ਰਹੇ , ਨਿਹੱਥੇ ਸਿਖ ਨੂੰ ਮੌਤ ਦੇ ਮੂੰਹ ਵਿੱਚ ਧਕੇਲਦੇ ਹਨ । ਕਤਲ ਤੋਂ ਬਾਅਦ ਉਹੀ ਲੋਕ ਢੌਂਗ ਦਾ ਨਾਚ ਕਰ ਰਹੇ ਹਨ । ਕਿਸੇ ਜਾਨਵਰ ਨੂੰ ਵੀ ਰੱਸਾ ਪਾਉਣਾ ਹੋਵੇ ਤਾਂ ਪੂਰੀ ਵਿਉਂਤ ਬੰਦੀ ਕਰਨੀ ਪੈਂਦੀ ਹੈ । ਇਸੇ ਤਰਾਂ ਜੇ ਘਰੇਲੂ ਜਾਂ ਆਪਸੀ ਝਗੜੇ ਕਾਰਨ ਕੋਈ ਕਿਸੇ ਦੇ ਬਾਪ ਦੀ ਪੱਗ ਨੂੰ ਹੱਥ ਪਾਉਂਦਾ (ਬੇਅਦਬੀ ਕਰਦਾ) , ਤਾਂ ਕੀ ਉਹ ਪੁੱਤਰ ਲੋਕ ਬਾਜ਼ਾਰ ਵਿੱਚ ਜਾ ਕੇ , ਇਸ ਗੱਲ ਦਾ ਢੰਢੋਰਾ ਪਿੱਟੇਗਾ ਕਿ ਫਲਾਣੇ ਨੇ ਮੇਰੇ ਬਾਪ ਦੀ ਪੱਗ ਨੂੰ ਹੱਥ ਪਾਇਆ ਹੈ , ਅਜਿਹਾ ਕਰਨਾ ਤੇ ਕਹਿਣਾ , ਸਹਿਣਾ ਤੇ ਬੇਗੈਰਤ ਹੈ । ਉਹ ਤਾਂ ਸਿੱਧੇ ਤੌਰ ਸਿੱਟਾ ਕੱਢੇਗਾ. ਪੁੱਤਰ ਹੋਣ ਦਾ ਸਬੂਤ ਦੇਵੇਗਾ ।ਅਜੇਕੇ ਬੇਅਦਬੀਆਂ ਦੇ ਦੌਰ ਵਿੱਚ ਗੁਰੂ ਦੇ ਪੁੱਤਰ , ਖ਼ਾਲਸੇ ਦੀ ਕੀ ਜ਼ੁੰਮੇਵਾਰੀ ਹੈ , ਇਹ ਕੀ ਸਿੱਖ ਇਤਿਹਾਸ ਦੇ ਪੰਨੇ ਸਾਨੂੰ ਬੋਲ ਕੇ ਦੱਸ ਨਹੀਂ ਰਹੇ । ਕਿਤਨਾ ਨੀਵਾਂ ਪਨ ਹੈ ਕਿ ਅਜਨਾਲਾ ਠਾਣਾ ਘੇਰਨ ਸਮੇਂ , ਸਿੱਖ ਪੁਲੀਸ ਤੋਂ ਡਰ ਕੇ , ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਨੂੰ ਢਾਲ ਬਣਾ ਰਿਹਾ ਹੈ । ਧਰਨਿਆਂ ਤੇ ਸ਼ਾਂਤੀ ਦੇ ਢੌਂਗੀਆਂ ਦੀ ਨੁਮਾਇੰਦਗੀ ਤੋਂ ਸਮਾਜ ਕੀ ਗ੍ਰਹਿਣ ਕਰੇਗਾ ? ਕੀ ਊਧਮ ਸਿੰਘ ਲੰਦਨ ਵਿੱਚ ਜਨਰਲ ਜਾਇਰ ਕੋਲ ਸ਼ਾਂਤੀ ਆਧਾਰ ਪਰੋਟੈਸਟ ਕਰਨ ਜਾਂਦਾ, ਕਿ ਤੂੰ ਜਲਿਆਂ ਵਾਲੇ ਬਾਗ ਦਾ ਕਾਤਲ ਹੈ , ਤਦ ਵੀ ਉਸ ਸਮੇਂ ਦਾ ਅੱਤਵਾਦੀ ਦੱਸ ਕੇ ਫਾਂਸੀ ਤੇ ਹੀ ਚਾੜਨਾ ਸੀ ।ਉਸ ਨੇ ਸਹੀ ਵਿਉਂਤਬੰਧੀ ਕੀਤੀ । ਉਸ ਨੇ ਜਲਿਆਂ ਵਾਲੇ ਬਾਗ ਦੇ ਜ਼ੁਲਮ ਨੂੰ ਅਪਣੇ ਸੀਨੇ ਤੇ ਉੱਕਰਿਆ ਸੀ ।

ਸਿੱਖਾਂ ਨੂੰ ਗੁਰੂ ਦੀ "ਬੇਅਦਬੀ " ਦਾ ਵਰਨਣ ਕਰਦਿਆਂ ਕੁਝ ਸ਼ਰਮ ਦਾ ਅਹਿਸਾਸ ਕਰਨਾ ਚਾਹੀਦਾ ਹੇ ਕਿ ,ਅਜਿਹਾ ਨਹੀਂ ਹੋ ਸਕਦਾ ।ਮੇਰਾ ਅਟੁੱਟ ਵਿਸ਼ਵਾਸ ਹੈ , ਗੁਰਮਤ ਦੇ ਸਿੱਧਾਂਤ ਨੇ ਵੀ ਸਾਨੂੰ ਇਹੀ ਸੇਧ ਦਿੱਤੀ ਹੈ । ਗੁਰੂ ਸਮਰੱਥ ਹੈ , ਜਾਗਦੀ ਜੋਤ ਹੈ ,ਜੁਗੋ ਜੁਗ ਅਟੱਲ ਹੈ । ਮੈਂ ਵੀ ਬਾਰ ਬਾਰ ਇਹ ਕਿਉਂ ਦੁਹਰਾ ਰਿਹਾ ਹਾਂ , ਜਦ ਮੇਰੀ ਸ਼ਰਧਾ ਦਾ ਅਟੁੱਟ ਅਖੀਰ ਹੀ ਇਹੀ ਹੈ । ਮੈਂ ਉਹਨਾਂ ਬੰਣੀ ਕਿਸਮ ਲੋਕਾਂ ਬਾਰੇ ਗੱਲ ਕਰ ਰਿਹਾ ਹਾਂ , ਜੋ ਸਿੱਖ ਹੋ ਕੇ , ਸਿੱਖੀ ਤੇ ਹੋ ਰਹੇ ਵਾਰ ਨੂੰ ਛਾਤੀ ਤੇ ਕਬਲਣ ਤੋਂ ਇਨਕਾਰੀ ਅਤੇ ਧਰਮ ਦਾ ਢੌਂਗ ਕਰ ਰਹੇ ਹਨ । ਉਹ ਸੱਖਾ ਸਿੰਘ , ਮਹਿਤਾਬ ਸਿੰਘ ਦੇ ਇਤਿਹਾਸਕ ਵਾਰਸ ਬਣਨੋਂ ਪਿੱਠ ਦੇ ਰਹੇ ਹਨ । ਇਹ ਅਜੇਕੇ ਵਾਰ , ਸਿਰਫ ਸਾਡੀ ਹੋਂਦ , ਸਾਡੀ ਜੀਵਨ ਸੱਤਾ ਤੇ ਹੋ ਰਿਹਾ ਅਪਰਾਧ ਹੈ । ਇਸ ਦੇ ਢੁਕਵੇ ਉਤਰ ਦੇਣੇ , ਖਾਲਸਈ ਰਿਵਾਇਤਾਂ ਅਨੁਸਾਰ , ਸਾਡਾ ਭਾਵ ਖ਼ਾਲਸੇ ਦਾ ਫ਼ਰਜ਼ ਹੈ । ਲੇਕਿਨ ਧਰਮ ਵਿੱਚ ਪੁਜਾਰੀ ਸ਼੍ਰੇਣੀ ਤੇ ਸਿਆਸੀ ਮੁਖੀਆਂ ਦਾ ਇਹੀ ਕਿਰਦਾਰ ਕਿਉਂ ਰਿਹਾ ਹੈ ।

ਪਰ ਚਿੰਤਾ ਦੀ ਵੀ ਕੋਈ ਗੱਲ ਨਹੀਂ ਹੈ , 1984 ਸਮੇਂ ਦਰਬਾਰ ਸਾਹਿਬ ਵਿਖੇ , ਕੁਝ ਹੀ ਨਿੱਤਰੇ ਸਨ , ਮੈਂ ਇਹਨਾਂ ਕਸਮਾਂ ,ਅਕਾਲ ਤਖਤ ਤੇ ਸੌਹਾਂ ਖਾਣ ਵਾਲੇ ਵੀ ਦੇਖੇ । ਤੇ ਜੋ "ਜਬ ਆਵ ਕੀ ਆਉਧ ਨਿਧਾਨ ਬਣੇ , ਅੱਤ ਹੀ ਰਣ ਮੋਂ ਤਬ ਜੂਝ ਮਰੋਂ" ਅਨੁਸਾਰ ਜੂਝਣ ਵਾਲੇ ਵੀ ਨੇੜਿਓਂ ਦੇਖੇ । ਇਤਿਹਾਸ ਸਾਹਮਣੇ ਹੈ । ਸਿੱਖਾਂ ਲਈ ਬੇਅਦਬੀ, ਇੱਕ ਖੇਤਰੀ ਤੇ ਸਮਾਜਿਕ ਸਮੱਸਿਆ ਘੜ ਕੇ ਚਨੌਤੀ ਸਾਡੇ ਤੇ ਹੈ । ਅਸੀਂ ਪੰਥਕ ਰਵਾਇਤਾਂ ਅਨੁਸਾਰ ਇਸ ਨੂੰ ਖੁਦ ਕਬੂਲ ਕਰੀਏ । ਸਾਹਮਣਾ ਕਰੀਏ , ਜਦੋਜਹਿਦ ਦੇ ਸਹੀ ਢੰਗ ਅਪਣਾਈਏ । ਆਉ , ਸਮਰੱਥ , ਗੁਰੂ ਗ੍ਰੰਥ ਸਾਹਿਬ ਜੀ ਤੋਂ ਓਟ , ਆਸਰੇ ਦਾ ਅਸ਼ੀਰਵਾਦ ਲੈ ਕੇ ਸੁਰਮਗਤੀ , ਖ਼ਾਲਸਈ ਇਤਿਹਾਸ ਦੇ ਵਾਰਸ ਬਣੀਏ। ••

ਜ਼ਿਲ੍ਹਾ ਪੱਧਰੀ ਸਹਿ ਵਿੱਦਿਅਕ ਮੁਕਾਬਲੇ ਸਫਲਤਾ ਪੂਰਵਕ ਸੰਪੰਨ

ਜ਼ਿਲ੍ਹਾ ਪੱਧਰੀ ਸਹਿ ਵਿੱਦਿਅਕ ਮੁਕਾਬਲਿਆਂ ਵਿੱਚ 9 ਸਿੱਖਿਆ ਬਲਾਕਾਂ ਦੇ 150 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਲਿਆ ਹਿੱਸਾ

ਕਪੂਰਥਲਾ,27 ਨਵੰਬਰ (ਆਵਾਜ਼ਿ ਕੌਮ ਬਿਊਰੋ)- ਸਿੱਖਿਆ ਬਲਾਕ ਕਪੂਰਥਲਾ – 2 ਅਧੀਨ ਪੈਂਦੇ ਹੈਪੀਨੈਸ ਸਕੂਲ ਧਾਲੀਵਾਲ ਦੋਨਾ ਵਿਖੇ ਜ਼ਿਲ੍ਹਾ ਪੱਧਰੀ ਸਹਿ ਵਿੱਦਿਅਕ ਮੁਕਾਬਲੇ ਕਰਵਾਏ ਗਏ । ਜ਼ਿਲ੍ਹਾ ਸਿੱਖਿਆ ਅਧਿਕਾਰੀ ਸ੍ਰੀਮਤੀ ਮਮਤਾ ਬਜਾਜ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਕਪੂਰਥਲਾ ਡਾਕਟਰ ਬਲਵਿੰਦਰ ਸਿੰਘ ਬੱਟੂ, ਡੀ ਆਰ ਸੀ ਕਪੂਰਥਲਾ ਹਰਮਿੰਦਰ ਸਿੰਘ ਜੋਸਨ, ਬੀ ਪੀ ਈ ਓ ਕਪੂਰਥਲਾ – 2 ਸੰਜੀਵ ਕੁਮਾਰ ਹਾਂਡਾ ਅਤੇ ਬੀ ਪੀ ਈ ਓ ਕਪੂਰਥਲਾ – 1 ਰਾਜੇਸ਼ ਕੁਮਾਰ ਦੇ ਸਾਂਝੇ ਆਦੇਸ਼ਾਂ ਅਤੇ ਅਕਾਦਮਿਕ ਸਹਾਇਤਾ ਟੀਮ ਕਪੂਰਥਲਾ ਦੀ ਅਗਵਾਈ ਅਤੇ ਹੈੱਡ ਟੀਚਰ ਗੁਰਮੁੱਖ ਸਿੰਘ ਬਾਬਾ ਸਟੇਟ ਐਵਾਰਡੀ ਦੀ ਦੇਖਰੇਖ ਹੇਠ ਸਰਕਾਰੀ ਐਲੀਮੈਂਟਰੀ ਹੈਪੀਨੈਸ ਸਕੂਲ ਧਾਲੀਵਾਲ ਦੋਨਾ (ਕਪੂਰਥਲਾ – 2) ਵਿਖੇ ਕਰਵਾਏ ਇਹਨਾਂ ਜ਼ਿਲ੍ਹਾ ਪੱਧਰੀ ਸਹਿ ਵਿੱਦਿਅਕ ਮੁਕਾਬਲਿਆਂ ਵਿੱਚ 9 ਸਿੱਖਿਆ ਬਲਾਕਾਂ ਦੇ 150 ਤੋਂ ਵੱਧ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਉਕਤ ਜ਼ਿਲ੍ਹਾ ਪੱਧਰੀ ਸਹਿ ਵਿੱਦਿਅਕ ਮੁਕਾਬਲਿਆਂ ਦੌਰਾਨ ਸੁੰਦਰ ਲਿਖਾਈ (ਪੰਜਾਬੀ, ਅੰਗਰੇਜੀ ਅਤੇ ਹਿੰਦੀ ਭਾਸ਼ਾ), ਕਵਿਤਾ ਗਾਇਨ ਮੁਕਾਬਲਾ, ਬੋਲ ਲਿਖਤ ਮੁਕਾਬਲਾ, ਚਿੱਤਰਕਲਾ ਮੁਕਾਬਲਾ, ਭਾਸ਼ਣ ਮੁਕਾਬਲਾ, ਪਹਾੜੇ ਉਚਾਰਨ ਮੁਕਾਬਲਾ, ਚਿੱਤਰ ਦੇਖ ਕੇ ਕਹਾਣੀ ਬਣਾਉਣਾ, ਆਮ ਗਿਆਨ ਪ੍ਰਤੀਯੋਗਤਾ, ਤਸਵੀਰ ਦੇਖ ਕੇ ਪੈਰਾ ਲਿਖਣਾ, ਬਾਲ ਗੀਤ ਮੁਕਾਬਲਾ, ਕਿਤਾਬ ਪੜ੍ਹਨ ਮੁਕਾਬਲਾ ਆਦਿ ਵੱਖ ਵੱਖ ਵਿਸ਼ਿਆਂ ਦੇ ਮੁਕਾਬਲਿਆਂ ਵਿੱਚ ਵਿਦਿਆਰਥੀ (ਮੁੰਡੇ – ਕੁੜੀਆਂ) ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਇਨਾ ਮੁਕਾਬਲਿਆਂ ਦੌਰਾਨ ਜਜਮੈਂਟ ਦੀ ਭੂਮਿਕਾ ਜੋਗਿੰਦਰ ਸਿੰਘ, ਮਨੱਜਾ ਇਰਸ਼ਾਦ, ਹਰਜਿੰਦਰ ਸਿੰਘ ਨਾਂਗਲੂ , ਤਰਸੇਮ ਸਿੰਘ, ਰਾਜੂ ਜੈਨਪੁਰੀ, ਸੁਰਿੰਦਰ ਕੁਮਾਰ, ਕੰਵਰਦੀਪ ਸਿੰਘ, ਹਰਜਿੰਦਰ ਸਿੰਘ ਹੈਰੀ, ਰੇਸ਼ਮ ਲਾਲ, ਕੁਲਦੀਪ ਕੌਰ ਜੋਸਨ, ਕੁਲਦੀਪ ਚੰਦ ਬੂਸੋਵਾਲ, ਪਵਨ ਕੁਮਾਰ ਜੋਸ਼ੀ , ਪਰਮਜੀਤ ਕੌਰ, ਜਸਪ੍ਰੀਤ ਕੌਰ, ਅਕਬਰ ਖਾਂ , ਅਜੀਤ ਸਿੰਘ, ਗੁਰਪ੍ਰੀਤ ਸਿੰਘ, ਮਨਜੀਤ ਲਾਲ , ਨਵਜੋਤ ਸਿੰਘ ਤੇ ਹਰਵਿੰਦਰ ਸਿੰਘ ਵਿਰਦੀ ਆਦਿ ਨੇ ਬਾਖੂਬੀ ਨਿਭਾਈ। ਉਕਤ ਸਹਿ ਵਿੱਦਿਅਕ ਮੁਕਾਬਲਿਆਂ ਨੂੰ ਕਰਵਾਉਣ ਲਈ ਸਟੇਟ ਐਵਾਰਡੀ ਸੰਤੋਖ ਸਿੰਘ ਮੱਲ੍ਹੀ , ਜੈਮਲ ਸਿੰਘ ਸ਼ੇਖੂਪੁਰ, ਬਲਬੀਰ ਸਿੰਘ ਢਪਈ , ਕੰਵਲਪ੍ਰੀਤ ਸਿੰਘ ਕੌੜਾ, ਪੰਕਜ ਧੀਰ ਲੱਖਣ ਖ਼ੁਰਦ, ਡਾਕਟਰ ਪਰਮਜੀਤ ਕੌਰ ਬੀ ਆਰ ਸੀ, ਗੁਰਪ੍ਰੀਤ ਸਿੰਘ ਮੰਗੂਪੁਰ ਬੀ ਆਰ ਸੀ, ਹਰਪ੍ਰੀਤ ਸਿੰਘ ਬੀ ਆਰ ਸੀ ਆਦਿ ਤੋਂ ਇਲਾਵਾ ਕਪੂਰਥਲਾ ਸਿੱਖਿਆ ਬਲਾਕ ਕਪੂਰਥਲਾ – 1, 2 ਅਤੇ 3 ਦੇ ਸਮੂਹ ਸੈਂਟਰ ਹੈੱਡ ਟੀਚਰਾਂ, ਹੈੱਡ ਟੀਚਰਾਂ ਨੇ ਅਹਿਮ ਭੂਮਿਕਾ ਨਿਭਾਈ।

ਇੱਕ ਨਜ਼ਰ

10ਵਾਂ ਜ਼ਿਲ੍ਹਾ ਪੱਧਰੀ ਵੁਸ਼ੂ ਟ੍ਰੇਨਿੰਗ ਕੈਂਪ ਅਤੇ ਰੈਫਰੀ ਸੈਮੀਨਾਰ ਫਾਈਟਰ ਸਪੋਰਟਸ ਜ਼ੋਨ ਵਿੱਚ ਕਰਵਾਇਆ ਗਿਆ



ਕਪੂਰਥਲਾ, 27 ਨਵੰਬਰ (ਆਵਾਜ਼ਿ ਕੌਮ ਬਿਊਰੋ) - ਜ਼ਿਲ੍ਹਾ ਵੁਸ਼ੂ ਐਸੋਸੀਏਸ਼ਨ ਕਪੂਰਥਲਾ ਵੱਲੋਂ 10ਵਾਂ ਜ਼ਿਲ੍ਹਾ ਪੱਧਰੀ ਵੁਸ਼ੂ ਟ੍ਰੇਨਿੰਗ ਕੈਂਪ ਅਤੇ ਰੈਫਰੀ ਸੈਮੀਨਾਰ ਫਾਈਟਰ ਸਪੋਰਟਸ ਜ਼ੋਨ ਵਿਖੇ ਜ਼ਿਲ੍ਹਾ ਵੁਸ਼ੂ ਐਸੋਸੀਏਸ਼ਨ ਆਫ਼ ਕਪੂਰਥਲਾ ਦੇ ਮਹਾਂਸਕੱਤਰ ਗੁਰਚਰਨ ਸਿੰਘ ਦੀ ਅਗਵਾਈ ਹੇਠ ਕਰਵਾਇਆ ਗਿਆ। ਕੈਂਪ ਵਿੱਚ ਫਾਈਟਰ ਸਪੋਰਟਸ ਜ਼ੋਨ ਦੀ ਕੋਚ ਰਾਬੀਆ, ਐਮੂਨਐਲ ਸਪੋਰਟਸ ਅਕੈਡਮੀ ਦੀ ਕੋਚ ਨੀਲਮ, ਚੈਂਪੀਅਨ ਡਿਵੈਲਪਮੈਂਟ ਹੱਬ ਦੇ ਕੋਚ ਬਲਵਿੰਦਰ ਸਿੰਘ ਅਤੇ ਸੈਲਫ਼ ਸਟਾਰ ਮਾਰਸ਼

ਆਓ ਪੰਜਾਬੀ

ਸਿੱਖੀਏ ਅਤੇ ਸਿੱਖਾਈਏ

ਮਾਂ ਬੋਲੀ ਦਾ ਮਾਣ ਵਧਾਈਏ



★ ਜਾਰੀ ਕਰਤਾ ★

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਅਾਵਾਜ਼ਿ ਕੌਮ

+447458381111 +447976210161 +919729091243